ਸਾਨੂੰ ਆਪਣਾ ਘਰ ਸਜਾਉਣ ਲਈ ਬਨਾਵਟੀ ਫੁੱਲਾਂ ਦੀ ਥਾਂ 'ਤੇ ਕੁਦਰਤੀ ਫੁੱਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਰੰਗੋਲੀ ਬਣਾਉਣ ਲਈ ਸਾਨੂੰ ਹਮੇਸਾ ਜੈਵਿਕ ਰੰਗਾਂ ਦੀ ਚੋਣ ਕਰਨੀ ਚਾਹੀਦੀ ਹੈ ਜਾਂ ਫਿਰ ਫੁੱਲਾਂ ਅਤੇ ਪੱਤਿਆਂ ਦੀ ਵਰਤੋਂ ਨਾਲ ਵੀ ਘਰ ਸਜਾਇਆ ਜਾ ਸਕਦਾ ਹੈ। ਬਾਜਾਰਾਂ ਵਿਚ ਮੌਜੂਦ ਮਿਲਾਵਟੀ ਮਿਠਾਈਆਂ ਦੀ ਥਾਂ ਸਾਨੂੰ ਆਪਣੇ ਘਰਾਂ 'ਚ ਹੀ ਰਲ-ਮਿਲ ਕੇ ਮਿਠਾਈਆਂ ਬਣਾਉਣੀਆਂ ਚਾਹੀਦੀਆਂ ਹਨ। ਦੀਵਾਲੀ ਦੀ ਰਾਤ ਵਰਤੋਂ 'ਚ ਲਿਆਂਦੇ ਦੀਵਿਆਂ ਨੂੰ ਕੂੜੇ 'ਚ ਨਾ ਸੁੱਟੋ। ਇਨ੍ਹਾਂ ਨੂੰ ਅਗਲੇ ਸਾਲ ਫਿਰ ਵਰਤਿਆ ਜਾ ਸਕਦਾ ਹੈ। ਇਸ ਨਾਲ ਪੈਸੇ ਦੀ ਬੱਚਤ ਹੁੰਦੀ ਹੈ।

ਦੀਵਾਲੀ ਦਾ ਤਿਉਹਾਰ ਬੜੇ ਹੀ ਉਤਸ਼ਾਹ ਦੇ ਨਾਲ ਮਨਾਇਆ ਜਾਂਦਾ ਹੈ। ਲੋਕ ਆਪਣੇ ਘਰਾਂ, ਦੁਕਾਨਾਂ, ਦਫਤਰਾਂ ਆਦਿ ਦੀਆਂ ਸਫਾਈਆਂ ਬੜੇ ਚਾਵਾਂ ਦੇ ਨਾਲ ਕਰਦੇ ਹਨ। ਕਈ ਘਰਾਂ ਵਿਚ ਰੰਗ ਰੋਗਨ ਹੁੰਦਾ ਹੈ ਤਾਂ ਜੋ ਦੀਵਾਲੀ'ਤੇ ਘਰ ਸੁੰਦਰ ਅਤੇ ਸਾਫ ਦਿਖਣ। ਇਸਦੇ ਪਿਛੇ ਇਕ ਆਮ ਹੀ ਗੱਲ ਸੁਣਨ ਨੂੰ ਮਿਲਦੀ ਹੈ ਕਿ ਜਿਥੇ ਸਾਫ ਸਫਾਈ ਹੁੰਦੀ ਹੈ, ਉੱਥੇ ਬਰਕਤ ਹੁੰਦੀ ਹੈ, ਖੁਸ਼ੀਆਂ ਆਉਂਦੀਆਂ ਹਨ ਅਤੇ ਮਾਹੌਲ ਸ਼ਾਂਤਮਈ ਬਣਦਾ ਹੈ। ਦੂਸਰੇ ਪਾਸੇ ਅਸੀਂ ਮਨਾਂ ਦੀ ਗੱਲ ਕਰੀਏ ਤਾਂ ਅੱਜ ਦਾ ਇਨਸਾਨ ਵੈਰ, ਵਿਰੋਧ, ਈਰਖਾ, ਨਫਰਤ, ਬੁਰੀਆਂ ਸੋਚਾਂ ਸਮੇਤ ਕਈ ਇਹੋ ਜਿਹੀਆਂ ਭਾਵਨਾਵਾਂ ਮਨਾਂ ਦੇ ਵਿਚ ਰੱਖ ਕੇ ਬੈਠਾ ਹੈ, ਜਿਸ ਨਾਲ ਲੋਕਾਂ ਦੇ ਘਰਾਂ ਦੇ ਨਾਲ-ਨਾਲ ਸਮਾਜ ਦੇ ਵਿਚ ਗੰਦਗੀ ਫੈਲ ਰਹੀ ਹੈ, ਜਿਸਦੇ ਦ੍ਰਿਸ਼ ਸਾਨੂੰ ਅੱਜਕਲ ਦੇਖਣ ਨੂੰ ਮਿਲਦੇ ਹੀ ਰਹਿੰਦੇ ਹਨ। ਇਨਾਂ ਬੁਰਾਈਆਂ ਦਾ ਜ਼ਿਕਰ ਗੁਰੂਆਂ ਪੀਰਾਂ ਨੇ ਆਪਣੀਆਂ ਸਿੱਖਿਆਵਾਂ ਦੇ ਵਿਚ ਕੀਤਾ ਹੈ। ਗੁਰੂਆਂ ਪੀਰਾਂ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਹੈ ਜਿਸਦੇ ਮਨ ਵਿਚ ਇਹ ਬੁਰਾਈਆਂ ਹੁੰਦੀਆਂ ਹਨ ਉਥੇ ਕਦੇ ਖੁਸ਼ੀਆਂ, ਖੇੜੇ ਅਤੇ ਅਧਿਆਤਮਿਕ ਸੁੱਖ ਕਦੇ ਵੀ ਨਹੀਂ ਆ ਸਕਦਾ। ਇਸਦੇ ਲਈ ਮਨਾਂ ਵਿਚੋਂ ਇਨਾਂ ਸਮਾਜਿਕ ਬੁਰਾਈਆਂ ਨੂੰ ਕੱਢਣਾ ਬਹੁਤ ਜਰੂਰੀ ਹੈ। ਛੋਟੇ-ਛੋਟੇ ਬੱਚਿਆਂ ਦੇ ਨਾਲ ਬਲਾਤਕਾਰ ਹੋ ਰਹੇ ਹਨ, ਸ਼ਰੇਆਮ ਕਤਲ ਹੋ ਰਹੇ ਹਨ, ਚੋਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਲੁੱਟਖੋਹ ਤਾਂ ਆਮ ਜਿਹੀ ਹੀ ਗੱਲ ਹੋ ਗਈ ਹੈ। ਨਸ਼ਾ ਤਸਕਰਾਂ ਨੇ ਨਸ਼ੇ ਨੂੰ ਸਮਾਜ ਵਿਚ ਵਧਾ ਕੇ ਲੋਕਾਂ ਦੇ ਘਰਾਂ ਦੇ ਜਗਦੇ ਚਿਰਾਗ ਬੁਝਾ ਕੇ ਰੱਖ ਦਿੱਤੇ ਹਨ। ਆਏ ਦਿਨ ਨੌਜਵਾਨਾਂ ਦੀਆਂ ਮੌਤਾਂ ਦਿਲਾਂ ਵਿਚ ਇਕ ਇਹੋ ਜਿਹਾ ਦਰਦ ਪੈਦਾ ਕਰਦੀਆਂ ਹਨ ਕਿ ਕੋਈ ਵੀ ਤਿਉਹਾਰ ਚਾਹੇ ਉਹ ਜਿਨਾਂ ਹੀ ਵੱਡਾ ਤਿਉਹਾਰ ਹੀ ਕਿਉਂ ਨਾ ਹੋਵੇ ਉਸਨੂੰ ਮਨਾਉਣ ਨੂੰ ਚਿਤ ਨਹੀਂ ਕਰਦਾ। ਇਸ ਲਈ ਸਰਕਾਰਾਂ, ਪ੍ਰਸ਼ਾਸਨ, ਲੋਕ ਅਤੇ ਹੋਰ ਜੋ ਕਿ ਸਮਾਜਿਕ ਬੁਰਾਈਆਂ ਨੂੰ ਵਧਾਉਣ ਵਿਚ ਯੋਗਦਾਨ ਦੇ ਰਹੇ ਹਨ ਨੂੰ ਆਪਣੇ ਮਨਾਂ ਵਿਚੋਂ ਬੁਰਾਈਆਂ ਨੂੰ ਸਾਫ ਕਰਨ ਦਾ ਪ੍ਰਣ ਕਰਨਾ ਚਾਹੀਦਾ ਹੈ ਕਿਉਂਕਿ ਜਿਸ ਤਰਾਂ ਨਾਲ ਇਸ ਸਮੇਂ ਸਮਾਜ ਦੀ ਦਿਸ਼ਾ ਦਿਸ਼ਾਹੀਨ ਹੁੰਦੇ ਹੋਏ ਸਮਾਜਿਕ ਬੁਰਾਈਆਂ ਦੀ ਗੰਦਗੀ ਫੈਲ ਰਹੀ ਹੈ ਉਸ ਲਈ ਸਾਰਿਆਂ ਨੂੰ ਮਿਲ ਕੇ ਇਕੱਠਿਆ ਹੋ ਕੇ ਇਨਾਂ ਬੁਰਾਈਆਂ ਦੇ ਖਿਲਾਫ ਝੰਡਾ ਚੁੱਕਣਾ ਹੋਵੇਗਾ, ਜੋ ਕਿ ਸਮੇਂ ਦੀ ਲੋੜ ਵੀ ਹੈ।

ਦੀਵਾਲੀ ਸਮੇਤ ਹੋਰ ਜਿਨੇ ਵੀ ਤਿਉਹਾਰ ਤਾਂ ਹੀ ਮਨਾਏ ਜਾ ਸਕਣਗੇ ਜੇਕਰ ਮਾਹੌਲ ਸਾਂਤਮਈ ਹੋਵੇਗਾ, ਗੁਆਢੀਆਂ ਦੇ ਘਰਾਂ ਵਿਚ ਅੱਗ ਲਗੀ ਹੋਵੇ ਅਤੇ ਅਸੀਂ ਤਿਉਹਾਰਾਂ ਦੀ ਖੁਸ਼ੀਆਂ ਮਨਾਈਏ, ਇਹ ਗੱਲ ਕੋਈ ਜਚਦੀ ਨਹੀਂ। ਆਉ ਸਾਰੇ ਮਿਲਕੇ ਸਮਾਜਿਕ ਬੁਰਾਈਆਂ ਨੂੰ ਸਮਾਜ ਵਿਚ ਖਤਮ ਕਰਨ ਲਈ ਯਤਨਸ਼ੀਲ ਹੋਈਏ ਤਾਂ ਜੋ ਦੀਵਾਲੀ ਦੀ ਰੋਸ਼ਨੀ ਹਰ ਘਰ ਦੇ ਵਿਚ ਹੋ ਸਕੇ।

ਨਵੇਂ ਢੰਗ ਨਾਲ ਆਉ ਦੀਵਾਲੀ ਮਨਾਈਏ, ਸਾਰੇ ਮਿਲ ਕੇ ਇੱਕ-ਇੱਕ ਰੁੱਖ ਲਗਾਈਏ। ਨਵੇਂ ਢੰਗ ਨਾਲ... ਬੇਸ਼ੱਕ ਰੰਗ-ਰੋਗਨ ਕਰਵਾ ਕੇ ਘਰ ਚਮਕਾਉ, ਪਰ ਧਰਤੀ ਮਾਂ ਦੀ ਸੁੰਦਰਤਾ ਵੱਲ ਵੀ ਧਿਆਨ ਲਗਾਉ। ਹਰੇ-ਭਰੇ ਰੁੱਖ ਲਗਾ, ਇਹਦੀ ਸ਼ਾਨ ਵਧਾਈਏ, ਨਵੇਂ ਢੰਗ ਨਾਲ... ਪ੍ਰਦੂਸ਼ਣ ਦੇ ਨਾਲ ਵਾਤਾਵਰਨ ਹੈ ਗੰਧਲਾ ਹੋਇਆ, ਹਰ ਬੰਦਾ ਨਾਲ ਬੀਮਾਰੀਆਂ ਫਿਰਦਾ ਹੈ ਅਧਮੋਇਆ। ਰੁੱਖ ਲਗਾ ਕੇ ਸਭ ਨੂੰ ਸੁਖ ਦਾ ਸਾਹ ਦਿਵਾਈਏ, ਨਵੇਂ ਢੰਗ ਨਾਲ... ਦਿਨ ਵਿੱਚ ਦਿਸੇ ਹਰ ਪਾਸੇ ਹਰਿਆਲੀ-ਹਰਿਆਲੀ, ਰਾਤ ਹੋਵੇ ਪਰ ਲਟ-ਲਟ ਬਲਦੇ ਦੀਵਿਆਂ ਵਾਲੀ। ਜਗਮਗ-ਜਗਮਗ ਰੋਸ਼ਨੀਆਂ ਵਿੱਚ ਮਨ ਰੁਸ਼ਨਾਈਏ, ਨਵੇਂ ਢੰਗ ਨਾਲ... ਆਤਿਸ਼ਬਾਜ਼ੀ ਭੁੱਲ ਕੇ ਵੀ ਨਹੀਂ ਚਲਾਉਣੀ ਬੱਚਿਓ, ਧੁਨੀ-ਪ੍ਰਦੂਸ਼ਣ ਖ਼ਿਲਾਫ਼ ਆਵਾਜ਼ ਉਠਾਉਣੀ ਬੱਚਿਓ। ਰੁੱਖ ਲਗਾ ਕੇ ਜਗ ਦੀਆਂ ਅਸੀਸਾਂ ਝੋਲੀ ਪਾਈਏ, ਨਵੇਂ ਢੰਗ ਨਾਲ ਦੀਵਾਲੀ ਮਨਾਈਏ। ਆਓ ਦੀਵਾਲੀ ਮਨਾਈਏ, ਇੱਕ-ਦੂਜੇ ਨਾਲ ਸਾਂਝ ਦਿਲਾਂ ਦੀ ਪਾਈਏ। ਸ਼ੋਰ-ਸ਼ਰਾਬਾ ਪਟਾਕਿਆਂ ਦਾ ਨਾ ਪਾਈਏ, ਖ਼ੁਸ਼ ਰਹਿ ਕੇ ਹਾਸਿਆਂ ਦੇ ਦੀਪ ਜਗਾਈਏ। ਬਾਰੂਦ ਚੱਲਾ ਕੇ ਵਾਤਾਵਰਨ ਨਾ ਗੰਦਾ ਕਰੀਏ, ਜੂਆ ਖੇਡ, ਸ਼ਰਾਬਾਂ ਪੀ, ਨਾ ਕਿਸੇ ਨਾਲ ਲੜੀਏ। ਮਿਲਾਵਟੀ ਖੋਆ ਤੇ ਹੋਰ ਮਠਿਆਈ ਨਾ ਖਾਈਏ, ਟੂਣੇ-ਟੱਪੇ ਕਰਨ ਲਈ, ਨਾ ਕਿਸੇ ਸਾਧ ਦੇ ਜਾਈਏ। ਮੋਮਬੱਤੀਆਂ ਤੇ ਦੀਵਿਆਂ ਨਾਲ ਬਨੇਰੇ ਸਜਾਈਏ, ਵੈਰ-ਈਰਖਾ ਕੱਢ ਦਿਲਾਂ 'ਚੋਂ ਪਿਆਰ ਫੈਲਾਈਏ। ਚੰਗੀਆਂ-ਚੰਗੀਆਂ ਗੱਲਾਂ ਨੂੰ, ਜੀਵਨ ਵਿੱਚ ਅਪਨਾਈਏ, ਇੱਕ-ਇੱਕ ਬੂਟਾ ਲਾ ਕੇ, ਇਸ ਧਰਤੀ ਨੂੰ ਬਚਾਈਏ। ਸੰਭਲ ਜਾਈਏ ਹੁਣ ਤੋਂ, ਹੋਰ ਕੁਝ ਗਵਾਈਏ ਨਾ, ਹਰੀ ਇਹ ਦੀਵਾਲੀ ਹੋਵੇ, ਪ੍ਰਦੂਸ਼ਣ ਹੋਰ ਫੈਲਾਈਏ ਨਾ। ਮਨਾਂ ਦੇ ਹਨੇਰੇ ਵੀ ਦੂਰ ਕਰ ਲਈਏ, ਪੌਦੇ ਲਾ ਕੇ, ਸਾਂਭ-ਸੰਭਾਲ ਵੀ ਕਰਦੇ ਰਹੀਏ। ਦੀਵਿਆਂ ਦੇ ਵਿੱਚ ਤੇਲ ਹੈ ਪਾਉਣਾ, ਰੂੰ ਦੀਆਂ ਬੱਤੀਆਂ ਵਿੱਚ ਟਿਕਾਉਣਾ, ਫਿਰ ਸਭ ਦੀਵੇ ਤੁਸੀਂ ਜਗਾਇਉ। ਵੱਡੇ ਬੰਬ ਨਾ ਲੈ ਕੇ ਆਉਣਾ, ਫੁਲਝੜੀਆਂ ਨਾਲ ਕੰਮ ਚਲਾਉਣਾ, ਮੋਮਬੱਤੀਆਂ ਵੀ ਤੁਸੀਂ ਜਗਾਇਉ।ਸੇਬ ਤੇ ਕੇਲੇ ਲੈ ਕੇ ਆਉਣਾ, ਮਠਿਆਈ ਨੂੰ ਹੱਥ ਨਹੀਂ ਲਾਉਣਾ, ਡਰਾਈ ਫਰੂਟ ਵੀ ਤੁਸੀਂ ਲਿਆਉਣਾ। ਬੱਚਿਉ ! ਦੀਵਾਲੀ ਇੰਜ ਮਨਾਇਉ।

ਰਾਜਿੰਦਰ ਰਾਣੀ ਪਿੰਡ ਗੰਢੂਆਂ ਜ਼ਿਲ੍ਹਾ ਸੰਗਰੂਰ
8146859585



ਰੌਸ਼ਨੀਆਂ ਦਾ ਤਿਉਹਾਰ ਦੀਵਾਲੀ



ਡਾ.ਪ੍ਰਿਤਪਾਲ ਸਿੰਘ ਮਹਿਰੋਕ
98885-10185

ਦੀਵਾਲੀ ਨੂੰ ਖੁਸ਼ੀਆਂ ਦੇ ਤਿਉਹਾਰ ਵਜੋਂ ਜਾਣਿਆਂ ਜਾਂਦਾ ਹੈ। ਇਹ ਭਾਰਤ ਦੇ ਪ੍ਰਮੁੱਖ ਤਿਉਹਾਰਾਂ ਵਿਚੋਂ ਇਕ ਹੈ ਜਿਸਨੂੰ ਪੂਰੇ ਦੇਸ਼ ਵਿਚ ਬਹੁਤ ਸ਼ਰਧਾ ਭਾਵਨਾ, ਸਤਿਕਾਰ, ਉਤਸ਼ਾਹ ਅਤੇ ਚਾਅ ਨਾਲ ਮਨਾਇਆ ਜਾਂਦਾ ਹੈ। ਮਨੁੱਖ ਦੇ ਸੰਘਰਸ਼, ਉਸਦੇ ਰਸਤਿਆਂ ਵਿਚ ਆਉਂਦੀਆਂ ਰਹੀਆਂ ਰੁਕਾਵਟਾਂ, ਉਸਦੀ ਲੰਮੀ ਜੱਦੋ-ਜਹਿਦ ਦੀ ਇਬਾਰਤ ਤੇ ਉਸਦੇ ਹਾਰਨ-ਜਿੱਤਣ ਦੀਆਂ ਗਾਥਾਵਾਂ ਉਸਦੇ ਸਿਰੜ ਜਿੰਨੀਆਂ ਹੀ ਪੁਰਾਣੀਆਂ ਹਨ। ਮਨੁੱਖ ਜਦੋਂ ਵੀ ਆਪਣੇ ਸੰਘਰਸ਼ ਦੀ ਯਾਤਰਾ ਵਿਚੋਂ ਜੇਤੂ ਬਣ ਕੇ ਨਿਕਲਦਾ ਹੈ ਤਾਂ ਆਪਣੀ ਜਿੱਤ ਦੇ ਅਵਸਰ @ਤੇ ਉਹ ਖੁਸ਼ੀ ਦਾ ਪ੍ਰਗਟਾਵਾ ਕਰਦਾ ਹੈ ਤੇ ਰੱਜ ਕੇ ਜਸ਼ਨ ਮਨਾਉਂਦਾ ਹੈ। ਜਦੋਂ ਉਹ ਖੁਸ਼ੀ ਨੂੰ ਦੂਜਿਆਂ ਨਾਲ ਸਾਂਝਿਆਂ ਕਰਦਾ ਹੈ ਤਾਂ ਉਸਦੀ ਖੁਸ਼ੀ ਦੂਣ-ਸਵਾਈ ਹੋ ਜਾਂਦੀ ਹੈ। ਦੀਵਾਲੀ ਦਾ ਤਿਉਹਾਰ ਆਉਂਦਾ ਹੈ ਤਾਂ ਲੋਕ ਇਸ ਅਵਸਰ ਦੀਆਂ ਅਥਾਹ ਖੁਸ਼ੀਆਂ ਨੂੰ ਦੂਜਿਆਂ ਨਾਲ ਵੰਡਾਉਂਦੇ ਹਨ। ਰਲ-ਮਿਲ ਕੇ ਕਿਸੇ ਨਾ ਕਿਸੇ ਰੂਪ ਵਿਚ ਖੁਸ਼ੀਆਂ ਮਨਾਉਣ ਵਾਲਾ ਅਜਿਹਾ ਕੋਈ ਨਾ ਕੋਈ ਤਿਉਹਾਰ ਲਗ ਪਗ ਹਰੇਕ ਸਮਾਜ ਵਿਚ ਮਨਾਇਆ ਜਾਂਦਾ ਹੈ। ਮਨੁੱਖ ਆਪਣੀ ਸੰਪੰਨਤਾ ਦੇ ਜਸ਼ਨ ਮਨਾਉਂਦਾ ਹੈ ਤਾਂ ਉਹ ਖੁਸ਼ੀ ਵਿਚ ਫੁਲਿਆ ਨਹੀਂ ਸਮਾਉਂਦਾ।

ਦੀਵਾਲੀ ਦਾ ਤਿਉਹਾਰ ਮਨੁੱਖ ਲਈ ਕਈ ਤਰ੍ਹਾਂ ਦੇ ਸੁਨੇਹੇ ਲੈ ਕੇ ਆਉਂਦਾ ਹੈ। ਲੋਕ ਆਪਣੇ ਘਰਾਂ,ਦਫਤਰਾਂ, ਕਾਰੋਬਾਰੀ ਅਦਾਰਿਆਂ,ਸਾਂਝੇ ਅਸਥਾਨਾਂ, ਵਸਤੂਆਂ, ਵਸਤਰਾਂ ਤੇ ਹੋਰ ਵੀ ਬਹੁਤ ਕੁਝ ਦੀ ਸਫਾਈ ਕਰਦੇ ਹਨ। ਸਾਫ ਸੁਥਰਾ ਘਰ, ਦਫਤਰ, ਵਸਤਰ ਆਦਿ ਸਭ ਨੂੰ ਚੰਗੇ ਲੱਗਦੇ ਹਨ। ਇਸ ਮੌਕੇ @ਤੇ ਮਨੁੱਖ ਨੂੰ ਉਜਵਲ ਵਿਚਾਰ ਧਾਰਨ ਕਰਨ ਤੇ ਉਨ੍ਹਾਂ ਨੂੰ ਅਮਲ ਵਿਚ ਲਿਆਉਣ ਦਾ ਸੰਕਲਪ ਵੀ ਕਰਨਾ ਚਾਹੀਦਾ ਹੈ। ਉਸ ਕੋਲ ਉਜਾਲਾ ਕਰਨ ਦੇ ਵਿਭਿੰਨ ਸਾਧਨ ਪ੍ਰਾਪਤ ਹਨ ਜੋ ਹਰ ਕਿਸੇ ਨੂੰ ਚੰਗੇ ਲੱਗਦੇ ਹਨ। ਭਾਂਤ-ਸੁਭਾਂਤੀ ਮਹਿੰਗੀ ਤੋਂ ਮਹਿੰਗੀ ਆਤਿਸ਼ਬਾਜ਼ੀ ਹੈ,ਖਾਣ ਪੀਣ ਦੇ ਬੇਅੰਤ ਪਦਾਰਥ ਹਨ,ਰੰਗ ਤਮਾਸ਼ਿਆਂ ਤੇ ਖੁਸ਼ੀਆਂ ਮਨਾਉਣ ਦੇ ਅਨੇਕ ਸਾਧਨ ਹਨ।ਇਸੇ ਸੰਦਰਭ ਵਿਚ ਦੀਵਾਲੀ ਦੇ ਮਹੱਤਵ ਨੂੰ ਪਛਾਨਣ ਦੀ ਲੋੜ ਹੈ।ਦੀਵਾਲੀ ਦੀਆਂ ਬਹੁਰੰਗੀ ਰੌਸ਼ਨੀਆਂ ਦਾ ਮਤਲਬ ਇਹ ਲਿਆ ਜਾਣਾ ਚਾਹੀਦਾ ਹੈ ਕਿ ਮਨੁੱਖ ਹਨੇਰੇ ਤੋਂ ਪ੍ਰਕਾਸ਼ ਵੱਲ ਵਧਦਾ ਜਾਵੇ। ਹਨੇਰਾ ਵੀ ਤਾਂ ਜੀਵਨ ਦਾ ਇਕ ਹਿੱਸਾ ਹੈ... ਜਿਸਨੂੰ ਹਰ ਕੋਈ ਸਵੀਕਾਰ ਕਰਦਾ ਹੈ। ਮਨੁੱਖ ਦੀ ਇਕ ਵੱਡੀ ਪ੍ਰਾਪਤੀ ਇਹ ਹੈ ਕਿ ਹਨੇਰੇ ਨੂੰ ਦੂਰ ਕਰਨ ਦੀ ਕਲਾ ਵੀ ਮਨੁੱਖ ਕੋਲ ਹੈ।ਹਨੇਰੇ ਨੂੰ ਪਛੰਡਣ ਲਈ ਨਵੇਂ ਉਤਸ਼ਾਹ ਦੀ ਲੋੜ ਹੁੰਦੀ ਹੈ। ਨਵੇਂ ਦਿਸਹੱਦੇ ਛੂਹਦੇ ਰਹਿਣ ਦੀ ਇੱਛਾ ਸ਼ਕਤੀ ਰੱਖਣ ਵਾਲੇ ਸਮਾਜ ਨਵੀਂ ਨਵੇਲੀ ਰੌਸ਼ਨੀ ਦੀ ਤਲਾਸ਼ ਕਰ ਹੀ ਲੈਂਦੇ ਹਨ। ਅਜਿਹਾ ਕਰਕੇ ਉਹ ਆਪਣੀ ਹਰ ਦੀਵਾਲੀ ਰੌਸ਼ਨੀਆਂ ਨਾਲ ਭਰ ਸਕਦੇ ਹਨ। ਸਿਹਤਮੰਦ ਵਿਚਾਰ ਤਰੰਗਾਂ ਤੇ ਮਨੁੱਖ ਦੀ ਰੱਜਵੀਂ ਨੀਅਤ ਵਾਲੇ ਮਜ਼ਬੂਤ ਇਰਾਦੇ ਦੀਵਾਲੀ ਦਾ ਅਸਲ ਤੇ ਸਹੀ ਆਨੰਦ ਦੇ ਸਕਦੇ ਹਨ।

ਅਜੋਕੇ ਮਨੁੱਖ ਦੀਆਂ ਮਨੋ-ਗ੍ਰੰਥੀਆਂ ਦਾ ਜੰਜਾਲ ਉਸਨੂੰ ਰੌਸ਼ਨੀ ਤੋਂ ਦੂਰ ਲਿਜਾ ਰਿਹਾ ਹੈ। ਉਲਝਣਾਂ,ਤਣਾਓ, ਗੁੰਝਲਾਂ ਆਦਿ ਵਧ ਰਹੀਆਂ ਹਨ। ਕਦੇ ਅਜਿਹਾ ਸਮਾਂ ਵੀ ਆਉਂਦਾ ਹੈ ਕਿ ਛਿਨ-ਭੰਗਰ ਲਈ ਹਨੇਰੇ ਦੀ ਜਿੱਤ ਹੁੰਦੀ ਪ੍ਰਤੀਤ ਹੁੰਦੀ ਹੈ ਪਰੰਤੂ ਇਹ ਇਕ ਭੁਲਾਂਦਰਾ ਹੁੰਦਾ ਹੈ।ਰੌਸ਼ਨੀ ਕਰਨ,ਰੌਸ਼ਨੀ ਵਲ ਵਧਣ ਤੇ ਆਪਣੇ ਅੰਦਰ ਨੂੰ ਜਗਮਗਾਉਣ ਤੋਂ ਬਿਨਾਂ ਨਾ ਕਿਸੇ ਨੂੰ ਅਸਲ ਜਿੱਤ ਪ੍ਰਾਪਤ ਹੁੰਦੀ ਹੈ, ਨਾ ਹੁਲਾਸ, ਨਾ ਹੁਲਾਰਾ ਮਿਲਦਾ ਹੈ।ਦੀਵਾਲੀ ਦੇ ਇਸ ਸੰਦੇਸ਼ ਤੇ ਇਸ ਮਹੱਤਵ ਨੂੰ ਸਮਝਣ ਦੀ ਲੋੜ ਹੈ। ਦੀਵਾਲੀ ਦਾ ਉਤਸਵ ਮਹਾਨਤਾ ਅਤੇ ਪਵਿੱਤਰਤਾ ਦੇ ਜਿਨ੍ਹਾਂ ਆਦਰਸ਼ਾਂ ਨੂੰ ਮਿਥ ਕੇ ਪ੍ਰਾਰੰਭ ਹੋਇਆ ਹੋਵੇਗਾ,ਉਹ ਮਹੱਤਵ ਅਤੇ ਸੰਦੇਸ਼ ਅਸੀਂ ਭੁੱਲਦੇ ਜਾ ਰਹੇ ਹਾਂ।ਪੈਸੇ, ਵਸੀਲਿਆਂ ਤੇ ਆਧੁਨਿਕਤਾ ਦੀ ਅੰਨ੍ਹੀ ਦੌੜ ਵਿਚ ਅਸੀਂ ਦੀਵਾਲੀ ਦੇ ਵਾਸਤਵਿਕ ਮਹੱਤਵ ਨੂੰ ਵਿਸਾਰ ਕੇ ਫੋਕੇ ਵਿਖਾਵੇ, ਖੋਖਲੀ ਸ਼ਾਨੋ-ਸ਼ੌਕਤ,ਇਸ ਤਿਉਹਾਰ ਨੂੰ ਇਕ ਮੌਕੇ ਵਜੋਂ ਵਰਤਣ ਦੀ ਉਡੀਕ ਅਤੇ ਫ਼ਜ਼ੂਲ ਕਿਸਮ ਦੇ ਆਡੰਬਰਾਂ ਵਿਚ ਉਲਝਦੇ ਜਾ ਰਹੇ ਹਾਂ।ਅਜਿਹੇ ਆਡੰਬਰ ਤੇ ਵਿਖਾਵਾ ਇਸ ਤਿਉਹਾਰ ਨੂੰ ਬਹੁਤ ਮਹਿੰਗਾ ਤੇ ਖਰਚੀਲਾ ਬਣਾ ਦਿੰਦੇ ਹਨ। ਖਰੀਦ ਕੇ ਜਾਂ ਕਿਰਾਏ @ਤੇ ਲਿਆਂਦੇ ਬਿਜਲੀ ਦੇ ਬਹੁ ਰੰਗੇ ਬਲਬਾਂ ਨਾਲ ਘਰ ਨੂੰ ਸਜਾਉਣਾ ,ਬੱਚਿਆਂ ਲਈ ਨਵੇਂ ਕੱਪੜੇ ਖਰੀਦਣੇ, ਖਿਡਾਉਣੇ ਖਰੀਦਣੇ, ਵਿਤੋਂ ਬਾਹਰੀ ਅਣਲੋੜੀਂਦੀ ਆਤਿਸ਼ਬਾਜ਼ੀ ਖਰੀਦਣੀ, ਦੋਸਤਾਂ, ਰਿਸ਼ਤੇਦਾਰਾਂ, ਆਂਢ-ਗੁਆਂਢ ਨੂੰ ਰੱਖ ਰਖਾਓ ਲਈ ਮਹਿੰਗੇ ਤੋਹਫਿਆਂ ਦਾ ਦੇਣ-ਲੈਣ ਕਰਨਾ, ਘਰ ਨੂੰ ਅਣਲੋੜੀਂਦਾ ਰੰਗ-ਰੋਗਨ ਕਰਵਾਉਣਾ, ਬੱਚਿਆਂ ਦੀਆਂ ਮੰਗਾਂ ਦੀ ਲੰਮੀ ਸੂਚੀ ਨੂੰ ਪੂਰਿਆਂ ਕਰਨ ਲਈ ਪੂਰਾ ਤਾਣ ਲਾ ਦੇਣਾ ਆਦਿ ਦੀਵਾਲੀ ਦੇ ਅਵਸਰ @ਤੇ ਅਜਿਹਾ ਕੁਝ ਕਰਨਾ ਜ਼ਰੂਰੀ ਸਮਝਿਆ ਜਾਣ ਲੱਗ ਪਿਆ ਹੈ।ਗਲਤ ਕਿਸਮ ਦੀ ਧਾਰਨਾ ਇਹ ਬਣ ਗਈ ਹੈ ਕਿ ਜੇ ਇਹ ਕੁਝ ਨਾ ਕੀਤਾ ਗਿਆ ਤਾਂ ਲੋਕ ਕੀ ਕਹਿਣਗੇ ? ਇਹ ਪ੍ਰਸ਼ਨ ਆਮ ਆਦਮੀ ਲਈ ਮੁਸ਼ਕਲਾਂ ਖੜੀਆਂ ਕਰਦਾ ਹੈ। ਅਸਲ ਵਿਚ ਅਣਕਿਆਸੀ ਮਹਿੰਗਾਈ ਦੇ ਇਸ ਸਮੇਂ ਵਿੱਚ ਸਾਧਾਰਨ ਆਦਮੀ ਲਈ ਦੀਵਾਲੀ ਮਨਾਉਣੀ ਮੁਸ਼ਕਲ ਵੀ ਹੋ ਗਈ ਹੈ ਤੇ ਪਹੁੰਚ ਤੋਂ ਬਾਹਰ ਵੀ। ਇਥੇ ਫਿਰ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਫੋਕਾ ਵਿਖਾਵਾ ਕਰਕੇ ਤੇ ਆਡੰਬਰ ਰਚ ਕੇ ਹੀ ਦੀਵਾਲੀ ਮਨਾਈ ਜਾ ਸਕਦੀ ਹੈ ?ਕੀ ਇਸ ਸਭ ਕੁਝ ਤੋਂ ਬਗੈਰ ਦੀਵਾਲੀ ਦੀਆਂ ਖੁਸ਼ੀਆਂ ਨਹੀਂ ਮਨਾਈਆਂ ਜਾ ਸਕਦੀਆਂ ?ਕੀ ਉਪਰੋਕਤ ਗੱਲਾਂ ਦੀ ਪੂਰਤੀ ਕਰਕੇ ਹੀ ਦੀਵਾਲੀ ਦੇ ਮਹੱਤਵ ਨੂੰ ਸਮਝਿਆ ਜਾ ਸਕਦਾ ਹੈ ?ਦੀਵਾਲੀ ਦੇ ਮਹੱਤਵ ਨੂੰ ਸਮਝਣ ਲਈ ਇਹ ਪ੍ਰਸ਼ਨ ਬੜੇ ਮਹੱਤਵਪੂਰਨ ਹਨ ਜਿਨ੍ਹਾਂ @ਤੇ ਸੰਜੀਦਗੀ ਨਾਲ ਵਿਚਾਰ ਕਰਨੀ ਬਣਦੀ ਹੈ। ਚੀਜ਼ਾਂ ਦਾ ਖਿਲਾਰਾ ਪਾਉਣ, ਫ਼ਜ਼ੂਲਖਰਚੀ ਕਰਨ,ਖਾਹਮਖਾਹ ਅਣਲੋੜੀਂਦਾ ਵਿਖਾਵਾ ਕਰਨ, ਬੇਹਿਸਾਬੇ ਆਡੰਬਰ ਰਚਣ ਤੋਂ ਬਗੈਰ ਵੀ ਦੀਵਾਲੀ ਦੀਆਂ ਖੁਸ਼ੀਆਂ ਮਨਾਈਆਂ ਜਾ ਸਕਦੀਆਂ ਹਨ। ਆਤਿਸ਼ਬਾਜ਼ੀ ਨਾ ਚਲਾਈ ਜਾਵੇ ਜਾਂ ਘੱਟ ਤੋਂ ਘੱਟ ਪ੍ਰਤੀਕ ਮਾਤਰ ਚਲਾਈ ਜਾਵੇ ਤਾਂ ਅਸੀਂ ਹਵਾ ਦੇ ਪ੍ਰਦੂਸ਼ਣ ਦੇ ਨਾਲ ਨਾਲ ਸ਼ੋਰ ਪ੍ਰਦੂਸ਼ਣ ਨੂੰ ਘਟਾਉਣ ਵਿੱਚ ਆਪਣੀ ਭੂਮਿਕਾ ਨਿਭਾ ਰਹੇ ਹੋਵਾਂਗੇ। ਉਸ ਦਿਨ/ਰਾਤ ਵਤਾਵਰਣ ਵਿਚ ਜ਼ਹਿਰੀਲੀਆਂ ਗੈਸਾਂ ਰਲਣ ਦੀ ਮਾਤਰਾ ਨੂੰ ਕੁਝ ਹੱਦ ਤਕ ਘਟਾਇਆ ਜਾ ਸਕਦਾ ਹੈ। ਦੀਵਾਲੀ ਦੇ ਤਿਉਹਾਰ @ਤੇ ਬਾਜ਼ਾਰਾਂ ਵਿਚ ਹਰੇਕ ਚੀਜ਼ ਦੀਆਂ ਕੀਮਤਾਂ ਵਧ ਜਾਂਦੀਆਂ ਹਨ। ਮੁੱਲ ਵੱਧ, ਵਸਤੂ ਘਟੀਆ। ਚੋਰ ਬਾਜ਼ਾਰੀ ਹੁੰਦੀ ਹੈ। ਕੀ ਲੋਕਾਂ ਵਲੋਂ ਖਰੀਦੀ ਜਾਣ ਵਾਲੀ ਚੀਜ਼ ਦੀ ਮੰਗ ਵਧ ਜਾਣ ਕਰਕੇ ਵੱਡੇ ਵਪਾਰੀਆਂ,ਕਾਰੋਬਾਰੀਆਂ ਤੇ ਛੋਟੇ ਦੁਕਾਨਦਾਰਾਂ ਵਲੋਂ ਮਹਿੰਗਾਈ ਵਧਾ ਦੇਣੀ ਸਰਾਸਰ ਲੁੱਟ ਅਤੇ ਮੌਕੇ ਦਾ ਅਣ-ਉਚਿਤ ਲਾਭ ਉਠਾਉਣਾ ਨਹੀਂ ?ਕੀ ਇਹੀ ਦੀਵਾਲੀ ਦਾ ਸੁਨੇਹਾ ਹੈ ?ਤਿਉਹਾਰਾਂ ਦੇ ਦਿਨੀਂ ਥਾਂ ਥਾਂ ਲੱਗੇ ਸੇਲ ਦੇ ਬੈਨਰ,ਫਲੈਕਸ, ਵੱਡੇ ਵੱਡੇ ਹੋਰਡਿੰਗਜ਼ ਤੇ ਹੋਰ ਮਾਧਿਅਮਾਂ ਰਾਹੀਂ ਕੀਤੀ ਜਾਂਦੀ ਇਸ਼ਤਿਹਾਰਬਾਜ਼ੀ ਦੀਵਾਲੀ ਦੇ ਨਾਂ @ਤੇ ਗਾਹਕਾਂ ਨਾਲ ਨਿਰਾ ਧੋਖਾ ਨਹੀਂ ?

ਕੁਝ ਲੋਕ ਦੀਵਾਲੀ ਦੇ ਅਵਸਰ @ਤੇ ਲਛਮੀ ਦੀ ਪੂਜਾ ਕਰਦੇ ਹਨ।ਇਹ ਵਿਸ਼ਵਾਸ ਪਾਇਆ ਜਾਂਦਾ ਹੈ ਕਿ ਲਛਮੀ ਦੀ ਪੂਜਾ ਨਾ ਕੀਤੇ ਜਾਣ ਦੀ ਸੂਰਤ ਵਿਚ ਉਹ ਨਾਰਾਜ਼ ਹੋ ਜਾਵੇਗੀ। ਗੱਲ ਵਿਸ਼ਵਾਸ ਦੀ ਹੈ। ਕਈ ਪ੍ਰਸ਼ਨ ਵੀ ਉੱਠਦੇ ਹਨ। ਅਜਿਹੇ ਵਿਚ ਦੌਲਤ ਦੇ ਖ਼ਜ਼ਾਨੇ ਕਿਵੇਂ ਭਰਨਗੇ ? ਕੀ ਫਿਰ ਲਛਮੀ ਪੂਜਾ ਸਵਾਰਥ ਹਿਤ ਨਹੀਂ ਕੀਤੀ ਜਾ ਰਹੀ ਹੁੰਦੀ ? ਜੇ ਸਵਾਲ ਖ਼ਜ਼ਾਨੇ ਭਰਪੂਰ ਕਰਨ ਤੇ ਪੈਸੇ ਨਾਲ ਮਾਲਾ ਮਾਲ ਹੋਣ ਦਾ ਹੈ ਤਾਂ ਸਪਸ਼ਟ ਹੈ ਕਿ ਇਸ ਪਿੱਛੇ ਵੀ ਮਨੁੱਖ ਦੀ ਖੁਦਗ਼ਰਜ਼ੀ ਕੰਮ ਕਰ ਰਹੀ ਹੁੰਦੀ ਹੈ। ਜੇ ਦੀਵਾਲੀ ਵਾਲੇ ਦਿਨ ਜਾਂ ਰਾਤ ਸਮੇਂ ਧੰਨ ਦੌਲਤ ਦੀ ਪੂਜਾ ਹੀ ਕਰਨੀ ਹੈ, ਲੋਕਾਂ ਦੀ ਲੁੱਟ ਕਰਨੀ ਹੈ,ਸ਼ਰਾਬ ਜਾਂ ਹੋਰ ਨਸ਼ੇ ਪੀਣੇ ਖਾਣੇ ਹਨ,ਜੂਆ ਖੇਡਣਾ ਹੈ, ਲੱਚਰ ਗੀਤ ਵੇਖਣੇ/ਸੁਣਨੇ ਹਨ, ਉਨ੍ਹਾਂ ਦੀਆਂ ਧੁਨੀਆਂ/ਬੋਲਾਂ @ਤੇ ਬੇਹੂਦਾ ਕਿਸਮ ਦੇ ਨਾਚ ਨੱਚਣੇ ਹਨ ਤਾਂ ਲੱਛਮੀ ਜਾਂ ਹੋਰ ਦੇਵੀ ਦੇਵਤਿਆਂ ਦੀ ਪੂਜਾ ਕਰਨ ਦਾ ਕੀ ਲਾਭ ? ਕੀ ਇਸੇ ਲਈ ਹੀ ਅਸੀਂ ਹਰੇਕ ਸਾਲ ਦੀਵਾਲੀ ਦੀ ਬੇਸਬਰੀ ਨਾਲ ਉਡੀਕ ਕਰਦੇ ਹਾਂ ?

ਸਾਡਾ ਧਾਰਮਿਕ ਵਿਰਸਾ ਬਹੁਤ ਮਹਾਨ ਹੈ। ਦੀਵਾਲੀ ਵਾਲੇ ਦਿਨ ਸਾਨੂੰ ਆਪਣੇ ਗੁਰੂਆਂ, ਭਗਤਾਂ, ਸੰਤਾਂ, ਪੈਗੰਬਰਾਂ ਦੀਆਂ ਵਡਮੁੱਲੀਆਂ ਤੇ ਮਹਾਨ ਸਿੱਖਿਆਵਾਂ ਨੂੰ ਅਮਲ ਵਿਚ ਲਿਆਉਣ ਦਾ ਸੰਕਲਪ ਕਰਨਾ ਚਾਹੀਦਾ ਹੈ। ਪਹਿਲਾਂ ਕੀਤੇ ਹੋਏ ਸੰਕਲਪ ਨੂੰ ਦ੍ਰਿੜ੍ਹ ਕੀਤਾ ਜਾਣਾ ਚਾਹੀਦਾ ਹੈ। ਸਬਰ,ਸੰਤੋਖ, ਧੀਰਜ ਤੇ ਸੰਜਮ ਵਿਚ ਰਹਿ ਕੇ ਤਿਉਹਾਰ ਮਨਾਉਣ ਤੇ ਜੀਵਨ ਬਤੀਤ ਕਰਨ ਦਾ ਆਨੰਦ ਉਠਾਉਣਾ ਚਾਹੀਦਾ ਹੈ।

ਕੋਰੋਨਾ ਦੀ ਵਿਸ਼ਵ ਵਿਆਪੀ ਮਹਾਂਮਾਰੀ ਦੀ ਕਰੋਪੀ ਦੇ ਸਮੇਂ ਦੌਰਾਨ ਮਨੁੱਖ ਦੀਆਂ ਵਿਅਕਤੀਗਤ,ਸਮਾਜਿਕ ਤੇ ਸਮੂਹਿਕ ਜ਼ਿੰਮੇਵਾਰੀਆਂ ਵਧ ਗਈਆਂ ਸਨ। ਹੁਣ ਵੀ ਦੀਵਾਲੀ ਦੇ ਅਵਸਰ @ਤੇ ਅਣਗਹਿਲੀ ਨਹੀਂ ਵਰਤਣੀ ਚਾਹੀਦੀ।ਸਗੋਂ ਵਧੇਰੇ ਸਾਵਧਾਨੀ ਤੋਂ ਕੰਮ ਲੈਣਾ ਚਾਹੀਦਾ ਹੈ।ਅਜਿਹੀਆਂ ਸਥਿਤੀਆਂ ਵਿਚ ਸਵੈ ਜ਼ਾਬਤਾ ਬਣਾਈ ਰੱਖਣ ਦੀ ਵਧੇਰੇ ਲੋੜ ਹੈ।ਰੁਜ਼ਗਾਰ ਦੇ ਮੌਕੇ ਘਟ ਰਹੇ ਹਨ। ਕਾਮਿਆਂ ਕੋਲੋਂ ਰੁਜ਼ਗਾਰ ਖੁਸ ਰਿਹਾ ਹੈ।ਬੇਰੁਜ਼ਗਾਰੀ ਤੇ ਮਹਿੰਗਾਈ ਵਧਦੀ ਜਾ ਰਹੀ ਹੈ। ਸਾਧਾਰਨ ਮਨੁੱਖ ਬੇਚੈਨ ਹੈ।ਕਿਸਾਨਾਂ, ਮਜਦੂਰਾਂ, ਘੱਟ ਤਨਖਾਹਾਂ @ਤੇ ਕੰਮ ਕਰਦੇ ਤੇ ਕੱਚੇ ਮੁਲਾਜ਼ਮਾਂ ਦੇ ਭਵਿੱਖ ਦੀ ਅਨਿਸਚਿਤਤਾ,ਉਨ੍ਹਾਂ ਵਲੋਂ ਉਠਾਏ ਜਾ ਰਹੇ ਨੁਕਸਾਨ ਤੇ ਝੱਲੀਆਂ ਜਾ ਰਹੀਆਂ ਮੁਸੀਬਤਾਂ ਦਾ ਅਨੁਮਾਨ ਲਗਾਉਣਾ ਕਠਿਨ ਹੈ।ਇਸ ਸਮੇਂ ਤੇ ਇਨ੍ਹਾਂ ਹਾਲਤਾਂ ਵਿਚ ਤਿਉਹਾਰਾਂ ਦੇ ਮੌਕੇ @ਤੇ ਬੇਹੱਦ ਸੰਜਮ ਵਰਤਣ ਦੀ ਲੋੜ ਹੈ। ਵਿਸ਼ੇਸ਼ ਕਰਕੇ ਦੀਵਾਲੀ ਦੇ ਤਿਉਹਾਰ @ਤੇ ਮਨੁੱਖ ਨੂੰ ਸਵੈ ਅਤੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਣ ਦੀ ਲੋੜ ਹੋਵੇਗੀ। ਸਾਵਧਾਨੀਆਂ ਵਰਤ ਕੇ ਸੰਜਮਤਾ ਨਾਲ ਦੀਵਾਲੀ ਮਨਾਉਣ ਦੀ ਲੋੜ ਦੀ ਤੀਬਰਤਾ ਨੂੰ ਸਮਝਣਾ ਵੀ ਸਮੇਂ ਦੀ ਮੰਗ ਬਣ ਗਈ ਹੈ। ਇਨ੍ਹਾਂ ਕੁਝ ਗੱਲਾਂ @ਤੇ ਗੌਰ ਕਰਕੇ ਅਸੀਂ ਦੀਵਾਲੀ ਦੇ ਮਹੱਤਵ ਨੂੰ ਬਿਹਤਰ ਸਮਝ ਸਕਦੇ ਹਾਂ ਤੇ ਦੀਵਾਲੀ ਨੂੰ ਯਾਦਗਾਰੀ ਤਿਉਹਾਰ ਬਣਾਉਣ ਵਿਚ ਆਪਣਾ ਬਣਦਾ ਹਿੱਸਾ ਪਾ ਸਕਦੇ ਹਾਂ।

185-**ਵਸੰਤ ਵਿਹਾਰ, ਡੀ.ਸੀ. ਰੈਜ਼ੀਡੈਂਸ ਰੋਡ,**
ਹੁਸ਼ਿਆਰਪੁਰ -146 001

ਤਿਉਹਾਰਾਂ ਦੀ ਬਦਲਦੀ ਰੂਪ-ਰੇਖਾ



ਪ੍ਰਾਚੀਨ ਕਾਲ ਤੋਂ ਹੀ ਭਾਰਤ ਤਿਉਹਾਰਾਂ ਦਾ ਦੇਸ਼ ਮੰਨਿਆ ਜਾਂਦਾ ਹੈ। ਤਿਉਹਾਰ ਸਾਡੀ ਭਾਰਤੀ ਸੰਸਕ੍ਰਿਤੀ ਦਾ ਅੰਗ ਹਨ। ਅਗਸਤ ਮਹੀਨੇ ਵਿੱਚ ਰੱਖੜੀ ਤੋਂ ਤਿਉਹਾਰ ਸ਼ੁਰੂ ਹੋ ਜਾਂਦੇ ਹਨ, ਜੋ ਕਿ ਅਪ੍ਰੈਲ ਮਹੀਨੇ ਤੱਕ ਚਲਦੇ ਹਨ।ਫਿਰ ਚੜ੍ਹਦੇ ਸਿਆਲ ਹੀ ਨਵਰਾਤਰੇ, ਦੁਸਹਿਰਾ, ਦੀਵਾਲੀ ਆਦਿ ਤਿਉਹਾਰਾਂ ਦਾ ਸੀਜ਼ਨ ਚੱਲ ਪੈਂਦਾ ਹੈ।ਤਿਉਹਾਰਾਂ ਦੇ ਦਿਨਾਂ ਵਿੱਚ ਮਹਿੰਗਾਈ ਵੀ ਚਰਮ ਸੀਮਾ ਤੇ ਪਹੁੰਚ ਜਾਂਦੀ ਹੈ। ਮਹਿੰਗਾਈ ਦੀ ਮਾਰ ਮੱਧ ਸ਼੍ਰੇਣੀ ਤੋਂ ਲੈ ਕੇ ਗ਼ਰੀਬੀ ਦੀ ਰੇਖਾ ਤੋਂ ਨੀਚੇ ਰਹਿ ਰਹੇ ਲੋਕਾਂ ਨੂੰ ਝੱਲਣੀ ਪੈਂਦੀ ਹੈ, ਜਿਸ ਨਾਲ ਆਮ ਆਦਮੀ ਦਾ ਬਜਟ ਹਿੱਲ ਜਾਂਦਾ ਹੈ। ਹੁਣ ਵੀ ਜਿਵੇਂ ਦੀਵਾਲੀ ਦਾ ਤਿਉਹਾਰ ਨੇੜੇ ਆ ਰਿਹਾ ਹੈ। ਵਕਤ ਬਦਲਣ ਨਾਲ ਤਿਉਹਾਰਾਂ ਨੂੰ ਮਨਾਉਣ ਦੇ ਤੌਰ ਤਰੀਕੇ ਵੀ ਬਦਲ ਚੁੱਕੇ ਹਨ। ਅਜੋਕੇ ਤਿਉਹਾਰਾਂ ਤੇ ਬਜ਼ਾਰ ਭਾਰੂ ਹੋ ਰਿਹਾ ਹੈ। ਤਿਉਹਾਰਾਂ ਦਾ ਵਜੂਦ ਬਾਜ਼ਾਰਾਂ ਦੀ ਚਕਾਚੌਂਧ ਵਿੱਚ ਸਿਮਟ ਕੇ ਰਹਿ ਗਿਆ ਹੈ। ਤਿਉਹਾਰਾਂ ਚੋਂ ਰੌਣਕ ਤੇ ਸਾਦਗੀ,ਸਹਿਜ ਗਾਇਬ ਹੈ । ਇਹ ਇੱਕ ਵਿਖਾਵਾ ਬਣ ਕੇ ਰਹਿ ਗਏ ਹਨ। ਖਪਤਕਾਰਾਂ ਨੇ ਇਸ ਨੂੰ ਕਰੋੜਾਂ ਦਾ ਧੰਦਾ ਬਣਾ ਲਿਆ ਹੈ। ਮਿਲਾਵਟਖੋਰ ਵੀ ਪੱਬਾਂ ਭਾਰ ਹੋਏ ਬੈਠੇ ਹਨ। ਰੈਡੀਮੇਡ ਤੇ ਮਹਿੰਗੇ ਭਾਅ ਵਿਕਣ ਵਾਲੀਆਂ ਵਸਤਾਂ ਦਾ ਬੋਲਬਾਲਾ ਹੈ। ਸਾਡੀ ਸੱਭਿਅਤਾ ਬਾਜ਼ਾਰ ਦੇ ਗਲਬੇ ਹੇਠ ਦੱਬੀ ਜਾ ਰਹੀ ਹੈ। ਮਹਿੰਗੇ ਤੋਂ ਮਹਿੰਗੇ ਤੋਹਫ਼ਿਆਂ ਦਾ ਲੈਣ ਦੇਣ ਹੁੰਦਾ ਹੈ। ਤਰ੍ਹਾਂ ਤਰ੍ਹਾਂ ਦੇ ਗਿਫ਼ਟ ਪੈਕ ਬਾਜ਼ਾਰ ਵਿੱਚ ਮਿਲਦੇ ਹਨ ਜੋ ਸਾਡੀ ਸਿਹਤ ਲਈ ਵੀ ਹਾਨੀਕਾਰਕ ਹਨ ।

ਹਰ ਚੀਜ਼ ਦਾ ਭਾਅ ਅਸਮਾਨੀ ਚੜ੍ਹਿਆ ਹੁੰਦਾ ਜਾਪਦਾ ਹੈ। ਘਰ ਵਿੱਚ ਬਣਦੀਆਂ ਮਿੱਠੀਆਂ ਵਸਤ

ਹਰੀ ਦੀਵਾਲੀ ਮਨਾਈਏ, ਖ਼ੁਸ਼ੀਆਂ ਦੇ ਦੀਪ ਜਗਾਈਏ

ਦੀਵਾਲੀ ਰੁੱਤ ਪਰਿਵਰਤਨ ਦਾ ਮੌਸਮੀ ਤਿਉਹਾਰ ਹੈ। ਇਹ ਕੱਤਕ ਮਹੀਨੇ ਦੀ ਮੱਸਿਆ ਵਾਲੇ ਦਿਨ ਮਨਾਇਆ ਜਾਂਦਾ ਹੈ। ਚਾਨਣ ਦੀ ਹਨੇਰੇ 'ਤੇ, ਭਲੇ ਦੀ ਬੁਰਾਈ 'ਤੇ, ਗਿਆਨਤਾ ਦੀ ਅਗਿਆਨਤਾ 'ਤੇ ਫ਼ਤਿਹ ਦਾ ਪ੍ਰਤੀਕ ਇਹ ਤਿਉਹਾਰ ਸਮਾਜ 'ਚ ਖ਼ੁਸ਼ੀ, ਭਾਈਚਾਰੇ ਤੇ ਪਿਆਰ ਦਾ ਸੰਦੇਸ਼ ਫੈਲਾਉਂਦਾ ਹੈ।

ਦੀਵਾਲੀ ਰੁੱਤ ਪਰਿਵਰਤਨ ਦਾ ਮੌਸਮੀ ਤਿਉਹਾਰ ਹੈ। ਇਹ ਕੱਤਕ ਮਹੀਨੇ ਦੀ ਮੱਸਿਆ ਵਾਲੇ ਦਿਨ ਮਨਾਇਆ ਜਾਂਦਾ ਹੈ। ਚਾਨਣ ਦੀ ਹਨੇਰੇ 'ਤੇ, ਭਲੇ ਦੀ ਬੁਰਾਈ 'ਤੇ, ਗਿਆਨਤਾ ਦੀ ਅਗਿਆਨਤਾ 'ਤੇ ਫ਼ਤਿਹ ਦਾ ਪ੍ਰਤੀਕ ਇਹ ਤਿਉਹਾਰ ਸਮਾਜ 'ਚ ਖ਼ੁਸ਼ੀ, ਭਾਈਚਾਰੇ ਤੇ ਪਿਆਰ ਦਾ ਸੰਦੇਸ਼ ਫੈਲਾਉਂਦਾ ਹੈ। ਦੀਵਾਲੀ ਦੀ ਰਾਤ ਲੋਕ ਆਪਣੇ ਘਰਾਂ ਨੂੰ ਦੀਵਿਆਂ ਨਾਲ ਰੋਸ਼ਨ ਕਰਦੇ ਹਨ। ਦੀਵੇ ਖ਼ੁਦ ਜਲ ਕੇ ਦੂਜਿਆਂ ਦਾ ਮਾਰਗ ਰੋਸ਼ਨ ਕਰਦੇ ਹਨ ਤੇ ਸਾਨੂੰ ਆਪਣਾ ਆਪ ਕੁਰਬਾਨ ਕਰ ਕੇ ਦੂਜਿਆਂ ਦੇ ਕੰਮ ਆਉਣ ਦੀ ਪ੍ਰੇਰਨਾ ਦਿੰਦੇ ਹਨ।

ਤਿਉਹਾਰ ਦਾ ਪਿਛੋਕੜ

ਹਿੰਦੂ ਧਰਮ 'ਚ ਦੀਵਾਲੀ ਦਾ ਪਿਛੋਕੜ ਅਯੁੱਧਿਆ ਦੇ ਰਾਜਾ ਸ਼੍ਰੀ ਰਾਮ ਚੰਦਰ ਜੀ ਨਾਲ ਜੋੜਿਆ ਜਾਂਦਾ ਹੈ, ਜਦੋਂ ਉਹ 14 ਸਾਲਾਂ ਦਾ ਬਨਵਾਸ ਕੱਟ ਕੇ ਤੇ ਲੰਕਾਂ ਦੇ ਰਾਜੇ ਰਾਵਣ ਦਾ ਨਾਸ਼ ਕਰ ਕੇ ਉਸ ਦੀ ਕੈਦ 'ਚੋਂ ਸੀਤਾ ਮਾਤਾ ਨੂੰ ਰਿਹਾਅ ਕਰਵਾ ਕੇ ਅਯੁੱਧਿਆ ਵਾਪਸ ਆਏ ਸਨ। ਉਦੋਂ ਅਯੁੱਧਿਆ ਵਾਸੀਆਂ ਨੇ ਉਨ੍ਹਾਂ ਦੇ ਆਉਣ ਦੀ ਖ਼ੁਸ਼ੀ 'ਚ ਘਿਉ ਦੇ ਦੀਵੇ ਜਗਾਏ ਸਨ। ਉਦੋਂ ਤੋਂ ਦੀਵਾਲੀ ਦਾ ਇਹ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਸਿੱਖ ਧਰਮ 'ਚ ਵੀ ਦੀਵਾਲੀ ਦੇ ਦਿਨ ਦਾ ਵੱਡਾ ਮਹੱਤਵ ਹੈ। ਦੀਵਾਲੀ ਵਾਲੇ ਦਿਨ ਹੀ ਸਿੱਖਾਂ ਦੇ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਤੋਂ ਮੁਗਲ ਬਾਦਸ਼ਾਹ ਜਹਾਂਗੀਰ ਦੀ ਕੈਦ ਵਿੱਚੋਂ 52 ਰਾਜਿਆਂ ਨੂੰ ਰਿਹਾਅ ਕਰਵਾ ਕੇ ਸ੍ਰੀ ਹਰਿਮੰਦਰ ਸਾਹਿਬ ਪਹੁੰਚੇ ਸਨ। ਉਨ੍ਹਾਂ ਦੇ ਅੰਮ੍ਰਿਤਸਰ ਪੁੱਜਣ 'ਤੇ ਲੋਕਾਂ ਨੇ ਦੇਸੀ ਘਿਉ ਦੇ ਦੀਵੇ ਜਗਾ ਕੇ ਰੋਸ਼ਨੀਆਂ ਕੀਤੀਆਂ। ਉਦੋਂ ਤੋਂ ਦੀਵਾਲੀ ਦੇ ਤਿਉਹਾਰ ਨੂੰ 'ਬੰਦੀ ਛੋੜ ਦਿਵਸ' ਵਜੋਂ ਮਨਾਇਆ ਜਾਣ ਲੱਗਿਆ।

ਪ੍ਰਦੂਸ਼ਣ ਦਾ ਕਾਰਨ ਬਣਦੇ ਹਨ ਪਟਾਕੇ

ਤਿਉਹਾਰਾਂ ਦਾ ਜਨਮ ਕੁਦਰਤ ਨਾਲ ਇਕਸੁਰਤਾ ਵਧਾਉਣ ਲਈ ਹੋਇਆ ਸੀ ਪਰ ਅੱਜ ਅਸੀਂ ਕੁਦਰਤ ਨਾਲ ਖਿਲਵਾੜ ਕਰ ਰਹੇ ਹਾਂ। ਦੀਵਾਲੀ ਦੀ ਰਾਤ ਪਟਾਕੇ ਚਲਾਉਣ ਕਾਰਨ ਕਈ ਦੁਖਦਾਈ ਘਟਨਾਵਾਂ ਵਾਪਰਦੀਆਂ ਹਨ। ਕਈ ਥਾਵਾਂ 'ਤੇ ਅੱਗ ਲੱਗ ਜਾਂਦੀ ਹੈ ਜਾਂ ਖੇਤਾਂ ਨੂੰ ਨੁਕਸਾਨ ਹੁੰਦਾ ਹੈ। ਇਸ ਤੋਂ ਇਲਾਵਾ ਪਟਾਕੇ ਵੱਡੀ ਮਾਤਰਾ 'ਚ ਪ੍ਰਦੂਸ਼ਣ ਦਾ ਕਾਰਨ ਵੀ ਬਣਦੇ ਹਨ। ਇਨ੍ਹਾਂ ਨਾਲ ਹਵਾ 'ਚ ਪੈਦਾ ਹੋਏ ਗਸਾਇਣ ਦਮਾ, ਖੰਘ, ਜ਼ੁਕਾਮ, ਛਾਤੀ ਰੋਗ, ਕੈਂਸਰ, ਕਮਜ਼ੋਰੀ, ਬੇਚੈਨੀ, ਅਧਰੰਗ, ਫੇਫੜਿਆਂ ਦਾ ਕੈਂਸਰ, ਕੰਨਾਂ ਦੇ ਰੋਗ ਆਦਿ ਅਨੇਕਾਂ ਗੰਭੀਰ ਬਿਮਾਰੀਆਂ ਨੂੰ ਜਨਮ ਦਿੰਦੇ ਹਨ। ਹਰ ਵਿਅਕਤੀ ਨੂੰ ਖ਼ੁਦ ਇਸ ਸਬੰਧੀ ਜਾਗਰੂਕ ਹੋ ਕੇ ਪਟਾਕਿਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਸਾਨੂੰ 'ਹਰੀ ਦੀਵਾਲੀ' ਮਨਾਉਣ ਦੇ ਸੰਕਲਪ ਨੂੰ ਲਾਗੂ ਕਰਨਾ ਚਾਹੀਦਾ ਹੈ ਤੇ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਉਣਾ ਚਾਹੀਦਾ ਹੈ। ਵੱਧ ਤੋਂ ਵੱਧ ਹਰੇ ਪੌਦੇ ਲਾਉਣੇ ਚਾਹੀਦੇ ਹਨ ਤਾਂ ਜੋ ਸਹੀ ਅਰਥਾਂ 'ਚ ਹਰੀ ਦੀਵਾਲੀ ਮਨਾਈ ਜਾ ਸਕੇ। ਦੀਵਾਲੀ ਦੀਆਂ ਖ਼ੁਸ਼ੀਆਂ 'ਚ ਅਕਸਰ ਅਸੀਂ ਆਪਣੇ ਵਾਤਾਵਰਨ ਨੂੰ ਭੁੱਲ ਜਾਂਦੇ ਹਾਂ। ਪਟਾਕਿਆਂ ਕਾਰਨ ਇਸ ਦਿਨ ਬਹੁਤ ਪ੍ਰਦੂਸ਼ਣ ਹੁੰਦਾ ਹੈ, ਜਿਸ ਨਾਲ ਵਾਤਾਵਰਨ ਨੂੰ ਨੁਕਸਾਨ ਪਹੁੰਚਦਾ ਹੈ, ਜਦੋਂਕਿ ਬਾਜ਼ਾਰ 'ਚ 'ਚ ਈਕੋ ਫਰੈਂਡਲੀ ਪਟਾਕੇ ਵੀ ਮਿਲਦੇ ਹਨ। ਇਨ੍ਹਾਂ ਨਾਲ ਪ੍ਰਦੂਸ਼ਣ ਘੱਟ ਹੁੰਦਾ ਹੈ।

ਮਿੱਟੀ ਦੇ ਦੀਵੇ ਹਨ ਈਕੋ ਫਰੈਂਡਲੀ

ਦੀਵਾਲੀ ਰੋਸ਼ਨੀਆਂ ਦਾ ਤਿਉਹਾਰ ਹੈ। ਰੋਸ਼ਨੀ ਕੀਤੇ ਬਿਨਾਂ ਇਸ ਤਿਉਹਾਰ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਬਿਜਲੀ ਦੀਆਂ ਰੰਗ-ਬਰੰਗੀਆਂ ਲੜੀਆਂ ਦੀ ਥਾਂ ਮਿੱਟੀ ਦੇ ਦੀਵੇ ਜਗਾਉਣੇ ਚਾਹੀਦੇ ਹਨ, ਤਾਂ ਜੋ ਨਜ਼ਰ ਆਵੇ ਕਿ ਦੀਵਾਲੀ ਦੀਵਿਆਂ ਦਾ ਤਿਉਹਾਰ ਹੈ। ਰਵਾਇਤੀ ਸਰ੍ਹੋਂ ਦੇ ਤੇਲ ਦੀ ਦੀਪਮਾਲਾ ਨਾ ਸਿਰਫ਼ ਰੋਸ਼ਨੀ ਤੇ ਉਤਸ਼ਾਹ ਦਾ ਪ੍ਰਤੀਕ ਹੈ ਸਗੋਂ ਉਨ੍ਹਾਂ ਦੀ ਰੋਸ਼ਨੀ ਤੋਂ ਆਕਰਸ਼ਿਤ ਹੋ ਕੇ ਕੀਟ-ਪਤੰਗੇ ਵੀ ਮਰ ਜਾਂਦੇ ਹਨ, ਜਿਸ ਨਾਲ ਪੇਸਟ ਕੰਟਰੋਲ ਵੀ ਹੋ ਜਾਂਦਾ ਹੈ। ਪਿਛਲੇ ਕੁਝ ਸਾਲਾਂ ਤੋਂ ਜਗਮਗਾਉਂਦੀਆਂ ਲਾਈਟਾਂ ਤੇ ਬਿਜਲੀ ਦੇ ਦੀਵਿਆਂ ਨੂੰ ਜਲਾਉਣ ਦਾ ਰੁਝਾਨ ਵਧਿਆ ਹੈ। ਇਸ ਨਾਲ ਬਿਜਲੀ ਦੀ ਖਪਤ ਵੱਧ ਜਾਂਦੀ ਹੈ। ਬਿਜਲੀ ਬਚਾਉਣ ਲਈ ਐੱਲਈਡੀ ਲਾਈਟਾਂ ਦੀ ਵਰਤੋਂ ਕਰੋ, ਜਿਸ ਨਾਲ ਊਰਜਾ ਦੀ ਖਪਤ ਘੱਟ ਹੁੰਦੀ ਹੈ। ਦੀਵਾਲੀ ਮੌਕੇ ਆਪਣੇ ਰਿਸ਼ਤੇਦਾਰਾਂ ਜਾਂ ਦੋਸਤਾਂ ਨੂੰ ਹਰਬਲ ਗਿਫਟ ਦੇਣੇ ਚਾਹੀਦੇ ਹਨ, ਜੋ ਹੱਥਾਂ ਨਾਲ ਬਣੀਆਂ ਮੋਮਬੱਤੀਆਂ ਜਾਂ ਖ਼ਾਸ ਪੌਦੇ ਹੋ ਸਕਦੇ ਹਨ।

ਗਰੀਨ ਦੀਵਾਲੀ, ਕਲੀਨ ਦੀਵਾਲੀ

ਦੀਵਾਲੀ ਦਾ ਤਿਉਹਾਰ ਆਉਣ 'ਤੇ ਸਾਰੇ ਲੋਕ ਸਾਫ਼-ਸਫ਼ਾਈ ਵੱਲ ਵਿਸ਼ੇਸ਼ ਧਿਆਨ ਦਿੰਦੇ ਹਨ। ਲੋਕ ਆਪਣੇ ਘਰਾਂ, ਦੁਕਾਨਾਂ, ਦਫ਼ਤਰਾਂ ਦੀਆਂ ਸਫ਼ਾਈਆਂ ਕਰਦੇ ਹਨ। ਕਈ ਘਰਾਂ 'ਚ ਰੰਗ-ਰੋਗਨ ਹੁੰਦਾ ਹੈ ਤਾਂ ਜੋ ਦੀਵਾਲੀ 'ਤੇ ਘਰ ਸੁੰਦਰ ਤੇ ਸਾਫ਼ ਦਿਸਣ। ਇਸ ਪਿੱਛੇ ਆਮ ਹੀ ਗੱਲ ਸੁਣਨ ਨੂੰ ਮਿਲਦੀ ਹੈ ਕਿ ਜਿੱਥੇ ਸਾਫ਼-ਸਫ਼ਾਈ ਹੁੰਦੀ ਹੈ, ਉੱਥੇ ਬਰਕਤ ਹੁੰਦੀ ਹੈ, ਖ਼ੁਸ਼ੀਆਂ ਆਉਂਦੀਆਂ ਹਨ। ਦੂਸਰੇ ਪਾਸੇ ਅਸੀਂ ਮਨਾਂ ਦੀ ਗੱਲ ਕਰੀਏ ਤਾਂ ਅੱਜ ਦਾ ਇਨਸਾਨ ਵੈਰ, ਵਿਰੋਧ, ਈਰਖਾ, ਨਫ਼ਰਤ, ਬੁਰੀਆਂ ਸੋਚਾਂ ਸਮੇਤ

ਰਾਜਿੰਦਰ ਰਾਣੀ
ਪਿੰਡ ਗੰਢੂਆਂ ਜ਼ਿਲ੍ਹਾ ਸੰਗਰੂਰ

ਕਈ ਇਹੋ ਜਿਹੀਆਂ ਭਾਵਨਾਵਾਂ ਮਨਾਂ 'ਚ ਰੱਖ ਕੇ ਬੈਠਾ ਹੈ, ਜਿਸ ਨਾਲ ਲੋਕਾਂ ਦੇ ਘਰਾਂ ਦੇ ਨਾਲ-ਨਾਲ ਸਮਾਜ 'ਚ ਗੰਦਗੀ ਫੈਲ ਰਹੀ ਹੈ। ਇਨ੍ਹਾਂ ਬੁਰਾਈਆਂ ਦਾ ਜ਼ਿਕਰ ਗੁਰੂਆਂ-ਪੀਰਾਂ ਨੇ ਆਪਣੀਆਂ ਸਿੱਖਿਆਵਾਂ 'ਚ ਕੀਤਾ ਹੈ।

ਉਨ੍ਹਾਂ ਨੇ ਤਾਂ ਇੱਥੋਂ ਤਕ ਕਹਿ ਦਿੱਤਾ ਹੈ ਕਿ ਜਿਸ ਮਨ 'ਚ ਇਹ ਬੁਰਾਈਆਂ ਹੁੰਦੀਆਂ ਹਨ, ਉੱਥੇ ਕਦੇ ਖ਼ੁਸ਼ੀਆਂ-ਖੇੜੇ ਤੇ ਅਧਿਆਤਮਕ ਸੁੱਖ ਕਦੇ ਨਹੀਂ ਆ ਸਕਦਾ। ਇਸ ਲਈ ਮਨਾਂ ਵਿੱਚੋਂ ਇਨ੍ਹਾਂ ਸਮਾਜਿਕ ਬੁਰਾਈਆਂ ਨੂੰ ਕੱਢਣਾ ਬਹੁਤ ਜ਼ਰੂਰੀ ਹੈ। ਕਈ ਵਾਰ ਅਸੀਂ ਜਾਣੇ-ਅਣਜਾਣੇ 'ਚ ਕੂੜੇ ਨੂੰ ਗ਼ਲਤ ਤਰੀਕੇ ਨਾਲ ਆਪਣੇ ਆਸੇ-ਪਾਸੇ ਸੁੱਟ ਦਿੰਦੇ ਹਨ। ਦੀਵਾਲੀ ਤੋਂ ਬਾਅਦ ਵੀ ਅੱਧੀਆਂ ਜਲੀਆਂ ਹੋਈਆਂ ਮੋਮਬੱਤੀਆਂ, ਦੀਵੇ ਤੇ ਚੱਲੇ ਹੋਏ ਪਟਾਕੇ ਇਧਰ-ਉਧਰ ਖਿੱਲਰੇ ਦੇਖਣ ਨੂੰ ਮਿਲਦੇ ਹਨ।

ਸਾਨੂੰ ਗਰੀਨ ਦੀਵਾਲੀ ਦੇ ਨਾਲ-ਨਾਲ ਕਲੀਨ ਦੀਵਾਲੀ ਵੀ ਮਨਾਉਣੀ ਚਾਹੀਦੀ ਹੈ, ਯਾਨੀ ਦੀਵਾਲੀ ਤੋਂ ਪਹਿਲਾਂ ਜਾਂ ਬਾਅਦ 'ਚ ਕੂੜੇ ਨੂੰ ਸਹੀ ਥਾਂ 'ਤੇ ਸੁੱਟਿਆ ਜਾਵੇ। ਇਸ ਤਰ੍ਹਾਂ ਵਾਤਾਵਰਨ ਨੂੰ ਪ੍ਰਦੂਸ਼ਣ ਮੁਕਤ ਰੱਖ ਕੇ ਦੀਵਾਲੀ ਦਾ ਅਸਲੀ ਮਜ਼ਾ ਲਿਆ ਜਾ ਸਕਦਾ ਹੈ।

ਮਠਿਆਈਆਂ ਦਾ ਜ਼ਹਿਰ

ਤਿਉਹਾਰਾਂ ਮੌਕੇ ਦੁਕਾਨਦਾਰ ਮੁਨਾਫ਼ਾਖੋਰੀ ਦੇ ਚੱਕਰ 'ਚ ਮਨੁੱਖੀ ਜ਼ਿੰਦਗੀਆਂ ਨਾਲ ਖਿਲਵਾੜ ਵੀ ਕਰਦੇ ਹਨ। ਦੀਵਾਲੀ ਦੇ ਤਿਉਹਾਰ ਮੌਕੇ ਸਾਨੂੰ ਮਠਿਆਈਆਂ ਦੇ ਸੁਆਦ ਤੇ ਮਿੱਠੇ ਜ਼ਹਿਰ ਦੇ ਜੰਜ਼ਾਲ ਤੋਂ ਬਚਣਾ ਚਾਹੀਦਾ ਹੈ। ਨਕਲੀ ਮਠਿਆਈਆਂ, ਪਨੀਰ, ਦੁੱਧ ਆਦਿ ਪਦਾਰਥ ਇਸ ਮੌਕੇ ਧੜੱਲੇ ਨਾਲ ਵਿਕਦੇ ਹਨ ਪਰ ਅਸੀਂ ਸਮਝਦਾਰੀ ਤੋਂ ਕੰਮ ਲੈ ਕੇ ਇਸ ਮਿੱਠੇ ਜ਼ਹਿਰ ਤੋਂ ਬਚ ਸਕਦੇ ਹਾਂ। ਬਾਜ਼ਾਰਾਂ 'ਚ ਵਿਕਦੀ ਮਿਲਾਵਟੀ ਮਠਿਆਈ ਦੀ ਥਾਂ ਘਰਾਂ 'ਚ ਰਲ-ਮਿਲ ਕੇ ਮਠਿਆਈ ਬਣਾਉਣੀ ਚਾਹੀਦੀ ਹੈ।

ਸਜਾਵਟ ਲਈ ਕਰੋ

ਕੁਦਰਤੀ ਫੁੱਲਾਂ ਦੀ ਵਰਤੋਂ

ਸਾਨੂੰ ਆਪਣਾ ਘਰ ਸਜਾਉਣ ਲਈ ਬਨਾਵਟੀ ਫੁੱਲਾਂ ਦੀ ਥਾਂ ਕੁਦਰਤੀ ਫੁੱਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਰੰਗੋਲੀ ਬਣਾਉਣ ਲਈ ਹਮੇਸ਼ਾ ਜੈਵਿਕ ਰੰਗਾਂ ਦੀ ਚੋਣ ਕਰੋ ਜਾਂ ਫਿਰ ਫੁੱਲਾਂ ਤੇ ਪੱਤਿਆਂ ਦੀ ਵਰਤੋਂ ਨਾਲ ਵੀ ਘਰ ਸਜਾਇਆ ਜਾ ਸਕਦਾ ਹੈ। ਦੀਵਾਲੀ ਦੀ ਰਾਤ ਵਰਤੋਂ 'ਚ ਲਿਆਂਦੇ ਦੀਵਿਆਂ ਨੂੰ ਕੂੜੇ 'ਚ ਨਾ ਸੁੱਟੋ। ਇਨ੍ਹਾਂ ਨੂੰ ਅਗਲੇ ਸਾਲ ਫਿਰ ਵਰਤਿਆ ਜਾ ਸਕਦਾ ਹੈ। ਇਸ ਨਾਲ ਪੈਸੇ ਦੀ ਬੱਚਤ ਹੁੰਦੀ ਹੈ। ਘਰ ਨੂੰ ਸਜਾਉਣ ਲਈ ਤੁਸੀਂ ਆਪਣੀਆਂ ਪੁਰਾਣੀਆਂ ਚੀਜ਼ਾਂ ਦੀ ਵਰਤੋਂ ਕਰ ਸਕਦੇ ਹੋ। ਅੱਜ-ਕੱਲ੍ਹ ਬਾਜ਼ਾਰ ਪਲਾਸਟਿਕ ਤੋਂ ਬਣੇ ਸਜਾਵਟੀ ਸਮਾਨ ਨਾਲ ਭਰੇ ਪਏ ਹਨ, ਜੋ ਦੀਵਾਲੀ ਤੋਂ ਬਾਅਦ ਇਧਰ-ਉਧਰ ਖਿੱਲਰਿਆ ਪਿਆ ਦਿਸਦਾ ਹੈ। ਇਹ ਪਲਾਸਟਿਕ ਮਿੱਟੀ 'ਚ ਜਾ ਕੇ ਨਸ਼ਟ ਨਹੀਂ ਹੁੰਦੀ ਤੇ ਪ੍ਰਦੂਸ਼ਣ ਦਾ ਕਾਰਨ ਬਣਦੀ ਹੈ।

ਬੱਚਿਆਂ ਦੀ ਸੁਰੱਖਿਆ

ਹਰ ਕਿਸੇ ਨੂੰ ਤਿਉਹਾਰਾਂ ਦੀ ਉਡੀਕ ਰਹਿੰਦੀ ਹੈ। ਬੱਚਿਆਂ ਲਈ ਤਿਉਹਾਰ ਸੌਗਾਤਾਂ ਵਰਗੇ ਹੁੰਦੇ ਹਨ। ਬਾਲ ਮਨ ਹਰ ਪਲ ਖ਼ੁਸ਼ੀਆਂ ਨੂੰ ਬਟੋਰਨਾ ਲੋਚਦਾ ਹੈ। ਉਨ੍ਹਾਂ ਦੀ ਜ਼ਿੱਦ ਅੱਗੇ ਸਾਨੂੰ ਕਈ ਵਾਰ ਝੁਕਣਾ ਵੀ ਪੈਂਦਾ ਹੈ ਪਰ ਉਨ੍ਹਾਂ ਦੀ ਜ਼ਿੱਦ ਨੂੰ ਹੱਦ ਤੋਂ ਬਾਹਰ ਨਹੀਂ ਜਾਣ ਦੇਣਾ ਚਾਹੀਦਾ। ਕਈ ਵਾਰ ਬੱਚੇ ਪਟਾਕਿਆਂ ਤੋਂ ਡਰ ਕੇ ਦੌੜਦੇ-ਭੱਜਦੇ ਅਕਸਰ ਗੰਭੀਰ ਹਾਦਸੇ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਨਾਲ ਤਿਉਹਾਰਾਂ ਦਾ ਮਜ਼ਾ ਖ਼ਰਾਬ ਹੋ ਜਾਂਦਾ ਹੈ। ਦੀਵਾਲੀ ਮੌਕੇ ਬੱਚਿਆਂ ਦੀ ਸਿਹਤ ਤੇ ਸੁਰੱਖਿਆ ਦਾ ਧਿਆਨ ਰੱਖਣਾ ਬੇਹੱਦ ਜ਼ਰੂਰੀ ਹੈ।

ਬੱਚਿਓ !ਆਓ ਨਵੇਂ ਢੰਗ ਨਾਲ ਦੀਵਾਲੀ ਮਨਾਈਏ,
ਸਾਰੇ ਮਿਲ ਕੇ ਇਕ-ਇਕ ਰੁੱਖ ਲਗਾਈਏ।
ਰੁੱਖ ਲਗਾ ਕੇ ਜਗ ਦੀਆਂ ਅਸੀਸਾਂ ਝੋਲੀ ਪਾਈਏ,
ਆਓ ! ਨਵੇਂ ਢੰਗ ਨਾਲ ਦੀਵਾਲੀ ਮਨਾਈਏ।

ਦੀਵਾਲੀ ਦੀ ਮਹੱਤਤਾ

ਕੱਤਕ ਮਹੀਨੇ ਦੀ ਮੱਸਿਆ ਵਾਲੇ ਦਿਨ ਮਨਾਇਆ ਜਾਣ ਵਾਲਾ ਦੀਵਾਲੀ ਦਾ ਤਿਉਹਾਰ ਇਕ ਪਵਿੱਤਰ ਤਿਉਹਾਰ ਹੋਣ ਦੇ ਨਾਲ-ਨਾਲ ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲਾ ਵੀ ਦਿਹਾੜਾ ਹੈ। ਜਿੱਥੇ ਇਸ ਤਿਉਹਾਰ ਨੂੰ ਹਿੰਦੂਆਂ, ਸਿੱਖਾਂ, ਨਿਪਾਲੀਆਂ, ਬੋਧੀਆਂ ਆਦਿ ਵੱਲੋਂ ਆਪੋ-ਆਪਣੇ ਢੰਗ ਅਤੇ ਰਵਾਇਤ ਅਨੁਸਾਰ ਸਾਂਝੇ ਤੌਰ 'ਤੇ ਮਨਾਇਆ ਜਾਂਦਾ ਹੈ, ਉਥੇ ਹੀ ਭਾਰਤ ਦੇ ਨਾਲ-ਨਾਲ ਨਿਪਾਲ, ਸ੍ਰੀਲੰਕਾ, ਮੋਰੇਸ਼ੀਅਸ, ਸੁਰੀਨਾਮ, ਮੀਆਂਮਾਰ, ਮਲੇਸ਼ੀਆ, ਸਿੰਗਾਪੁਰ ਅਤੇ ਫ਼ਿਜ਼ੀ ਆਦਿ ਦੇਸ਼ਾਂ ਵਿਚ ਇਸ ਦਿਨ ਸਰਕਾਰੀ ਛੁੱਟੀ ਵੀ ਐਲਾਨੀ ਜਾਂਦੀ ਹੈ।

ਹਿੰਦੂ ਮੱਤ ਅਨੁਸਾਰ ਦੀਵਾਲੀ ਵਾਲੇ ਦਿਨ ਭਾਵ ਕੱਤਕ ਮਹੀਨੇ ਦੀ ਮੱਸਿਆ ਵਾਲੇ ਦਿਨ ਅਯੁੱਧਿਆ ਦੇ ਰਾਜਾ ਸ੍ਰੀ ਰਾਮ ਚੰਦਰ ਲੰਕਾ ਦੇ ਰਾਜਾ ਰਾਵਣ ਦੀ ਯੁੱਧ ਵਿਚ ਹੱਤਿਆ ਕਰਕੇ ਅਯੁੱਧਿਆ ਪਰਤੇ ਸਨ। ਉਨ੍ਹਾਂ ਦੇ ਵਾਪਸ ਪਰਤਣ ਦੀ ਖੁਸ਼ੀ ਵਿਚ ਅਯੁੱਧਿਆ ਵਾਸੀਆਂ ਵੱਲੋਂ ਘਿਓ ਦੇ ਦੀਵੇ ਬਾਲ ਕੇ ਰੌਸ਼ਨੀ ਕੀਤੀ ਗਈ, ਜੋ ਰਵਇਤ ਅੱਜ ਵੀ ਨਿਰਵਿਘਨ ਜਾਰੀ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਇਸੇ ਦਿਨ ਭਗਵਾਨ ਕ੍ਰਿਸ਼ਨ ਨੇ ਅੱਤਿਆਚਾਰੀ ਰਾਜਾ ਨਰਕਾਸੁਰ ਦੀ ਹੱਤਿਆ ਕਰਕੇ ਉਸ ਦੇ ਕਬਜ਼ੇ ਵਿਚੋਂ 16,000 ਕੰਨਿਆਵਾਂ ਨੂੰ ਮੁਕਤ ਕਰਵਾਇਆ ਸੀ ਅਤੇ ਇਸੇ ਦਿਨ ਭਗਵਾਨ ਵਿਸ਼ਨੂੰ ਨੇ ਭਗਤ ਪ੍ਰਹਿਲਾਦ ਦੀ ਰੱਖਿਆ ਕਰਨ ਲਈ ਚਮਤਕਾਰੀ ਢੰਗ ਨਾਲ ਨਰਸਿੰਘ ਰੂਪ ਧਾਰਨ ਕਰਕੇ ਦੈਂਤਰਾਜ ਹਰਨਾਕਸ਼ ਦਾ ਅੰਤ ਕੀਤਾ ਸੀ। ਦੀਵਾਲੀ ਵਾਲੇ ਦਿਨ ਹੀ ਸਮੰਦਰ ਮੰਥਣ ਦੇ ਬਾਅਦ ਲਕਸ਼ਮੀ ਜੀ ਅਤੇ ਧਨਵੰਤਰੀ ਜੀ ਪ੍ਰਗਟ ਹੋਏ ਸਨ। ਜੈਨੀ ਲੋਕਾਂ ਦਾ ਮੱਤ ਹੈ ਕਿ ਉਨ੍ਹਾਂ ਦੇ 24ਵੇਂ ਤਿਰੰਥਕਾਰ ਮਹਾਂਵੀਰ ਸਵਾਮੀ ਜੀ ਨੂੰ 527 ਬੀ. ਸੀ. ਵਿਚ ਦੀਵਾਲੀ ਦੇ ਦਿਨ ਹੀ ਪਟਨਾ ਦੀ ਪਾਵਾਪੁਰੀ ਵਿਚ ਮੋਕਸ਼ ਪ੍ਰਾਪਤ ਹੋਇਆ। ਜੈਨ ਗ੍ਰੰਥਾਂ ਅਨੁਸਾਰ ਮਹਾਂਵੀਰ ਸਵਾਮੀ ਨੇ ਦੀਵਾਲੀ ਤੋਂ ਪਹਿਲੀ ਰਾਤ ਨੂੰ ਅੱਧੀ ਰਾਤ ਸਮੇਂ ਆਪਣਾ ਆਖ਼ਰੀ ਉਪਦੇਸ਼ ਦਿੱਤਾ ਸੀ। ਉਨ੍ਹਾਂ ਦੁਆਰਾ ਦਿੱਤੇ ਆਖ਼ਰੀ ਉਪਦੇਸ਼ ਨੂੰ ਉਤਰਾਧਿਆਨ ਸੂਤਰ ਨਾਂਅ ਨਾਲ ਜਾਣਿਆ ਜਾਂਦਾ ਹੈ। ਇਸੇ ਪ੍ਰਕਾਰ ਇਸੇ ਦਿਨ ਮਹਾਤਮਾ ਗੌਤਮ ਬੁੱਧ ਦੇ ਅਨੁਆਈਆਂ ਨੇ 2500 ਸਾਲ ਪਹਿਲਾਂ ਗੌਤਮ ਬੁੱਧ ਦੇ ਸਵਾਗਤ ਦੀ ਖੁਸ਼ੀ ਵਿਚ ਦੀਪਮਾਲਾ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ ਸੀ। ਸਮਰਾਟ ਵਿਕ੍ਰਮਾਦਿਤ ਦੀਵਾਲੀ ਦੇ ਦਿਨ ਹੀ ਰਾਜ ਤਖ਼ਤ 'ਤੇ ਬੈਠੇ ਸਨ। ਕੋਟਲਿਆ ਅਰਥ-ਸ਼ਾਸਤਰ ਦੇ ਅਨੁਸਾਰ ਕੱਤਕ ਮਹੀਨੇ ਦੀ ਮੱਸਿਆ ਵਾਲੇ ਦਿਨ ਮੰਦਰਾਂ ਅਤੇ ਘਾਟਾਂ (ਨਦੀ ਦੇ ਕਿਨਾਰਾ) 'ਤੇ ਘਿਓ ਦੇ ਦੀਵੇ ਜਗਾਏ ਜਾਂਦੇ ਸਨ। ਪੁਰਾਤੱਤਵ ਮਾਹਿਰਾਂ ਅਨੁਸਾਰ 500 ਈ: ਪੂ: ਮਹਿੰਜੋਦੜੋ ਸੱਭਿਅਤਾ ਦੇ ਮਿਲੇ ਅਵਸ਼ੇਸ਼ਾਂ ਵਿਚੋਂ ਇਕ ਅਜਿਹੀ ਮਿੱਟੀ ਦੀ ਮੂਰਤੀ ਪ੍ਰਾਪਤ ਹੋਈ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਉਸ ਸਦੀ ਵਿਚ ਵੀ ਦੀਵਾਲੀ ਮਨਾਈ ਜਾਂਦੀ ਸੀ ਅਤੇ ਦੀਪਮਾਲਾ ਕੀਤੀ ਜਾਂਦੀ ਸੀ। ਮੁਗ਼ਲ ਸ਼ਾਸਕ ਬਾਬਰ ਦੀਵਾਲੀ ਦੇ ਮੌਕੇ 'ਤੇ

ਸ਼ਾਹੀ ਗ਼ੁਲਾਮੀ ਤੋਂ ਨਿਜਾਕਤ ਪਾਉਣ ਲਈ ਅੱਜ ਫਿਰ ਲੋੜ ਹੈ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ

ਬੰਦੀ ਛੋੜ ਦਿਵਸ ਹਰ ਸਾਲ ਉਸੇ ਦਿਨ ਮਨਾਇਆ ਜਾਂਦਾ ਹੈ ਜਦੋਂ ਦੇਸ਼ ਭਰ ਵਿੱਚ ਦੀਵਾਲੀ ਵੀ ਮਨਾਈ ਜਾਂਦੀ ਹੈ। ਸਿੱਖ ਇਤਿਹਾਸ ਦੀਆਂ ਕਈ ਘਟਨਾਵਾਂ ਦੀਵਾਲੀ ਨਾਲ ਜੁੜੀਆਂ ਹੋਈਆਂ ਹਨ ਜਿਨ੍ਹਾਂ ਕਰਕੇ ਇਹ ਦਿਨ ਸਿੱਖ ਕੌਮ ਲਈ ਖ਼ਾਸ ਅਹਿਮੀਅਤ ਰੱਖਦਾ ਹੈ। ਦੀਵਾਲੀ ਦਾ ਤਿਉਹਾਰ ਭਾਵੇਂ ਪੁਰਾਤਨ ਸਮਿਆਂ ਤੋਂ ਸਮੁੱਚੇ ਭਾਰਤ ਵਿਚ ਬਹੁਤ ਸਜ-ਧਜ ਨਾਲ ਮਨਾਇਆ ਜਾਂਦਾ ਹੈ, ਪਰ ਸਿੱਖ ਧਰਮ 'ਚ ਇਸ ਦਾ ਇਤਿਹਾਸਕ ਤੇ ਵਿਲੱਖਣ ਪਿਛੋਕੜ ਹੈ। ਮੁੱਖ ਰੂਪ ਵਿਚ ਸਿੱਖ ਇਤਿਹਾਸ ਨਾਲ ਇਸ ਤਿਉਹਾਰ ਦਾ ਸੰਬੰਧ ਉਸ ਸਮੇਂ ਤੋਂ ਜੁੜਿਆ ਹੋਇਐ,ਜਦੋਂ ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿਚੋਂ 52 ਰਾਜਿਆਂ ਸਮੇਤ ਰਿਹਾਅ ਹੋ ਕੇ ਸ੍ਰੀ ਅੰਮ੍ਰਿਤਸਰ ਪਹੁੰਚੇ।

ਇਸ ਪਿਛੋਂ ਇਤਿਹਾਸ ਤੇ ਨਜਰ ਮਾਰੀਏ ਤਾਂ, ਭਾਰਤ ਵਿੱਚ ਦੂਰ-ਦੂਰ ਤੱਕ ਸਾਮਰਾਜ ਨੂੰ ਫੈਲਾਉਣ ਅਤੇ ਮਜ਼ਬੂਤ ਕਰਨ ਲਈ, ਮੁਗਲ ਬਾਦਸ਼ਾਹ ਜਹਾਂਗੀਰ ਨੇ ਨਾ ਸਿਰਫ਼ ਮੱਧ ਭਾਰਤ, ਸਗੋਂ ਹਿਮਾਲੀਅਨ ਖੇਤਰ ਦੇ ਵੀ ਕਈ ਹਿੰਦੂ ਛੋਟੇ ਸ਼ਾਸਕਾਂ ਨੂੰ ਬੰਦੀ ਬਣਾ ਲਿਆ ਅਤੇ ਗਵਾਲੀਅਰ ਦੇ ਕਿਲ੍ਹੇ ਵਿੱਚ ਉਮਰ ਕੈਦ ਦੀ ਸਜ਼ਾ ਦਿੱਤੀ। ਉਹ ਰੋ ਰਹੇ ਸਨ ਅਤੇ ਗ਼ੁਲਾਮੀ ਤੋਂ ਉਨ੍ਹਾਂ ਦੀ ਰਿਹਾਈ ਲਈ ਸਰਬ ਸ਼ਕਤੀਮਾਨ ਪ੍ਰਭੂ ਅੱਗੇ ਉਸ ਦੀਆਂ ਅਸੀਸਾਂ ਲਈ ਪ੍ਰਾਰਥਨਾ ਕਰ ਰਹੇ ਸਨ। ਉਹਨਾਂ ਦੀ ਅਰਦਾਸ ਨੂੰ ਪ੍ਰਵਾਨ ਕਰਕੇ ਗੁਰੂ ਹਰਗੋਬਿੰਦ ਸਾਹਿਬ ਜੀ ਇਹਨਾਂ ਮਿੰਨੀ ਸ਼ਾਸਕਾਂ ਨੂੰ ਗਵਾਲੀਅਰ ਦੇ ਕਿਲ੍ਹੇ ਤੋਂ ਛੁਡਵਾਉਣ ਦੇ ਇਰਾਦੇ ਨਾਲ ਦਿੱਲੀ ਚਲੇ ਗਏ।

ਮੁਗਲ ਬਾਦਸ਼ਾਹ ਨੂੰ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਬਹਾਦਰੀ ਅਤੇ ਵਧਦੀ ਫੌਜੀ ਸ਼ਕਤੀ ਬਾਰੇ ਪਤਾ ਲੱਗਦਿਆਂ ਹੀ ਡਰ ਵਧ ਗਿਆ ਸੀ। ਉਹ ਚਲਾਕ ਨਿਮਰਤਾ ਨਾਲ ਗੁਰੂ ਜੀ ਨੂੰ ਮਿਲਿਆ ਅਤੇ ਉਨ੍ਹਾਂ ਨੂੰ ਗਵਾਲੀਅਰ ਦੇ ਕਿਲੇ ਦਾ ਦੌਰਾ ਕਰਨ ਲਈ ਬੇਨਤੀ ਕੀਤੀ। ਜਹਾਂਗੀਰ ਨੇ ਆਪਣੇ ਚਲਾਕ ਦਰਬਾਰੀਆਂ ਦੀ ਸਲਾਹ ਨਾਲ ਉਹਨਾਂ ਨੂੰ ਕਿਲ੍ਹੇ ਵਿਚ ਕੈਦ ਕਰ ਲਿਆ।

ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਜਹਾਂਗੀਰ ਨੂੰ ਨੀਂਦ ਨਹੀਂ ਸੀ ਆ ਰਹੀ। ਉਹ ਗੰਭੀਰ ਰੂਪ ਵਿਚ ਬਿਮਾਰ ਹੋ ਗਿਆ। ਉਸ ਦੀ ਪਤਨੀ ਨੇ ਗੁਰੂ ਜੀ ਦੇ ਮਹਾਨ ਸ਼ਰਧਾਲੂ ਮੁਸਲਮਾਨ ਸੰਤ ਮੀਆਂ ਮੀਰ ਨੂੰ ਸਾਰੀ ਕਹਾਣੀ ਸੁਣਾਈ। ਉਸ ਨੇ ਉਸ ਨੂੰ ਦੱਸਿਆ ਕਿ ਉਸ ਦੇ ਪਤੀ ਨੇ ਗਵਾਲੀਅਰ ਦੇ ਕਿਲ੍ਹੇ ਵਿਚ ਬ੍ਰਹਮ ਗੁਰੂ ਨੂੰ ਗ੍ਰਿਫਤਾਰ ਕਰਕੇ ਬਹੁਤ ਵੱਡਾ ਪਾਪ ਕੀਤਾ ਹੈ। ਜਹਾਂਗੀਰ ਦੀ ਜਾਨ ਬਚਾਉਣ ਦਾ ਇੱਕੋ ਇੱਕ ਤਰੀਕਾ ਸੀ ਕਿ ਗੁਰੂ ਜੀ ਨੂੰ ਸਤਿਕਾਰ ਸਹਿਤ ਰਿਹਾ ਕੀਤਾ ਜਾਵੇ। ਜਹਾਂਗੀਰ ਨੇ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਤੁਰੰਤ ਰਿਹਾਈ ਦੇ ਹੁਕਮ ਜਾਰੀ ਕੀਤੇ। ਗੁਰੂ ਜੀ ਨੇ ਇਹ ਬੇਨਤੀ ਠੁਕਰਾ ਦਿੱਤੀ ਕਿ ਜਦੋਂ ਤੱਕ ਸਾਰੇ ਕੈਦੀ ਰਾਜੇ ਰਿਹਾਅ ਨਹੀਂ ਹੋ ਜਾਂਦੇ, ਉਹ ਗਵਾਲੀਅਰ ਦਾ ਕਿਲਾ ਨਹੀਂ ਛੱਡਣਗੇ। ਜਹਾਂਗੀਰ ਨੇ ਗੁਰੂ ਜੀ ਨੂੰ ਕਿਹਾ ਕਿ ਜਿੰਨੇ ਵੀ ਕੈਦੀ ਉਹਨਾਂ ਦੇ ਗਾਊਨ ਨੂੰ ਫੜ ਸਕਦੇ ਹਨ, ਉਨ੍ਹਾਂ ਨੂੰ ਰਿਹਾ ਕਰ ਦਿੱਤਾ ਜਾਵੇਗਾ। ਗੁਰੂ ਜੀ ਨੇ ਫਿਰ ਆਪਣੇ ਸ਼ਰਧਾਲੂਆਂ ਨੂੰ ਬਵੰਜਾ ਲੜੀਆਂ ਵਾਲਾ ਇੱਕ ਵੱਡਾ ਚੌਲਾਂ ਤਿਆਰ ਕਰਨ ਲਈ ਕਿਹਾ। ਹਰ ਮੋਹਤਬਰ ਸ਼ਾਸਕ ਨੇ ਚੋਲੇ ਦੀ ਇੱਕ- ਇਕ ਲੜੀ ਫੜੀ ਅਤੇ ਕਿਲ੍ਹੇ ਤੋਂ ਬਾਹਰ ਨਿਕਲ ਆਏ।

ਇਸ ਤਰ੍ਹਾਂ ਸਾਰੇ ਬੰਦੀਆਂ ਨੂੰ ਜੇਲ੍ਹ ਵਿੱਚੋਂ ਰਿਹਾਅ ਕਰ ਦਿੱਤਾ ਗਿਆ। ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗੁਣ ਗਾਏ ਗਏ ਅਤੇ ਉਨ੍ਹਾਂ ਨੂੰ 'ਦਾਤਾ ਬੰਦੀ ਛੋੜ' ਕਿਹਾ ਗਿਆ, ਜਿਸ ਨੇ ਸ਼ਾਹੀ ਗ਼ੁਲਾਮਾਂ ਦੀ ਰਿਹਾਈ ਪ੍ਰਾਪਤ ਕੀਤੀ।

ਇਹ ਉਹ ਸਮਾਂ ਦੀਵਾਲੀ ਦਾ ਸਮਾਂ ਸੀ ਜਦ ਗੁਰੂ ਹਰਗੋਬਿੰਦ ਸਾਹਿਬ ਜੀ ਦ ਅੰਮ੍ਰਿਤਸਰ ਪਹੁੰਚੇ, ਜਦੋਂ ਸਾਰੇ ਸਿੱਖ ਲੰਬੇ ਸਮੇਂ ਬਾਅਦ ਆਪਣੇ ਰੱਬੀ ਮਾਲਕ ਨੂੰ ਮਿਲਣ ਦੀ ਖੁਸ਼ੀ ਵਿੱਚ ਅਤੇ ਆਤਮਿਕ ਅਨੰਦ ਵਿੱਚ, ਗਲੀਆਂ ਅਤੇ ਆਪਣੇ ਘਰਾਂ ਨੂੰ ਮਿੱਟੀ ਦੇ ਦੀਵਿਆਂ ਨਾਲ ਜਗਾਉਣ ਵਿੱਚ ਸ਼ਾਮਲ ਹੋਏ। ਇਸ ਤੋਂ ਬਾਅਦ, ਬੰਦੀ ਛੋੜ ਦਿਵਸ ਹਰ ਸਾਲ ਸਿੱਖ ਭਾਈਚਾਰੇ ਦੁਆਰਾ ਉਸੇ ਦਿਨ ਮਨਾਇਆ ਜਾਂਦਾ ਹੈ ਜਦੋਂ ਇਸ ਦਿਨ ਹੋਰਨਾਂ ਦੁਆਰਾ ਦੀਵਾਲੀ ਮਨਾਈ ਜਾਂਦੀ ਹੈ।



ਗੁਰੂ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਕੀਤੀ, ਜਿਥੇ ਦੀਵਾਨ ਸਜਦੇ ਅਤੇ ਗੁਰਬਾਣੀ ਕੀਰਤਨ ਦੇ ਨਾਲ-ਨਾਲ ਬੀਰ-ਰਸੀ ਵਾਰਾਂ ਵੀ ਗਾਈਆਂ ਜਾਣ ਲੱਗੀਆਂ। ਗੁਰੂ ਸਾਹਿਬ ਨੇ ਸਿੱਖ ਸੰਗਤਾਂ ਨੂੰ ਦਰਸ਼ਨਾਂ ਲਈ ਆਉਂਦੇ ਸਮੇਂ ਚੰਗੀ ਨਸਲ ਦੇ ਘੋੜੇ ਅਤੇ ਸ਼ਸਤਰ ਲਿਆਉਣ ਦੇ ਆਦੇਸ਼ ਜਾਰੀ ਕੀਤੇ ਅਤੇ ਅਣਖੀਲੇ ਗੱਭਰੂਆਂ ਦੀ ਫੌਜ ਤਿਆਰ ਕਰਕੇ ਉਨ੍ਹਾਂ ਨੂੰ ਜੰਗੀ ਸਿੱਖਿਆਂ ਦਿੱਤੀ ਜਾਣ ਲੱਗੀ।

ਛੇਵੇਂ ਪਾਤਸ਼ਾਹ ਨੂੰ ਜਿਨ੍ਹਾਂ ਕਾਰਨਾਂ ਕਰਕੇ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੀਤਾ ਤੇ ਫਿਰ ਰਿਹਾਅ ਕਰ ਦਿੱਤਾ ਗਿਆ, ਦੀ ਜਾਣਕਾਰੀ ਬਿਨਾਂ ਬੰਦੀ-ਛੋੜ ਦਿਵਸ ਦੀ ਅਹਿਮੀਅਤ ਨੂੰ ਸਮਝਣਾ ਔਖਾ ਹੈ। ਬਾਣੀ ਦੇ ਬੋਹਿਥ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਰਜਣਹਾਰ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬੇਮਿਸਾਲ ਤੇ ਸ਼ਾਂਤਮਈ ਸ਼ਹਾਦਤ ਨੇ ਸਿੱਖ ਇਤਿਹਾਸ ਵਿਚ ਇਕ ਕ੍ਰਾਂਤੀਕਾਰੀ ਮੋੜ ਲੈ ਆਂਦਾ। ਸਤਿਗੁਰਾਂ ਦੀ ਅਦੁੱਤੀ ਸ਼ਹਾਦਤ ਤੋਂ ਬਾਅਦ ਇਹ ਗੱਲ ਸਪਸ਼ਟ ਹੋ ਗਈ ਸੀ ਕਿ ਜ਼ਾਲਮਾਂ ਦੇ ਜ਼ੁਲਮ ਨੂੰ ਠੱਲ ਪਾਉਣ ਲਈ ਹਥਿਆਰ ਚੁੱਕਣੇ ਹੀ ਪੈਣਗੇ। ਇਸ ਲਈ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰ-ਗੱਦੀ ਦੀ ਪਰੰਪਰਾਗਤ ਰਸਮ ਨੂੰ ਸਮੇਂ ਦੀ ਲੋੜ ਅਨੁਸਾਰ ਬਦਲਦਿਆਂ ਗੁਰਿਆਈ ਧਾਰਨ ਕਰਦੇ ਸਮੇਂ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ।

ਗੁਰੂ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਕੀਤੀ, ਜਿਥੇ ਦੀਵਾਨ ਸਜਦੇ ਅਤੇ ਗੁਰਬਾਣੀ ਕੀਰਤਨ ਦੇ ਨਾਲ-ਨਾਲ ਬੀਰ-ਰਸੀ ਵਾਰਾਂ ਵੀ ਗਾਈਆਂ ਜਾਣ ਲੱਗੀਆਂ। ਗੁਰੂ ਸਾਹਿਬ ਨੇ ਸਿੱਖ ਸੰਗਤਾਂ ਨੂੰ ਦਰਸ਼ਨਾਂ ਲਈ ਆਉਂਦੇ ਸਮੇਂ ਚੰਗੀ ਨਸਲ ਦੇ ਘੋੜੇ ਅਤੇ ਸ਼ਸਤਰ ਲਿਆਉਣ ਦੇ ਆਦੇਸ਼ ਜਾਰੀ ਕੀਤੇ ਅਤੇ ਅਣਖੀਲੇ ਗੱਭਰੂਆਂ ਦੀ ਫੌਜ ਤਿਆਰ ਕਰਕੇ ਉਨ੍ਹਾਂ ਨੂੰ ਜੰਗੀ ਸਿੱਖਿਆਂ ਦਿੱਤੀ ਜਾਣ ਲੱਗੀ। ਗੁਰੂ-ਘਰ ਦੇ ਵਿਰੋਧੀਆਂ ਨੇ ਗੁਰੂ ਸਾਹਿਬ ਵਿਰੁੱਧ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ, ਜਿਸ ਦੇ ਫ਼ਲਸਰੂਪ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਬਗਾਵਤ ਦੇ ਝੂਠੇ ਦੋਸ਼ ਵਿਚ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਗੁਰੂ ਸਾਹਿਬ ਦੀ ਨਜ਼ਰਬੰਦੀ ਕੋਈ ਸਾਧਾਰਨ ਗੱਲ ਨਹੀਂ ਸੀ। ਸਿੱਖ ਸੰਗਤਾਂ ਲਈ ਇਹ ਖਬਰ ਬੜੀ ਹਿਰਦੇ ਵੇਦਕ ਸੀ। ਪਰ ਗੁਰੂ ਸਾਹਿਬ ਦੇ ਪਹੁੰਚਣ ਨਾਲ ਗਵਾਲੀਅਰ ਦੇ ਕਿਲ੍ਹੇ ਦਾ ਮਾਹੌਲ ਹੀ ਬਦਲ ਗਿਆ ਜਿਥੇ ਦੋਵੇਂ ਵੇਲੇ ਕੀਰਤਨ ਅਤੇ ਸਤਿਸੰਗ ਹੋਣ ਲੱਗਾ ਅਤੇ ਕਾਲ-ਕੋਠੜੀਆਂ ਵਿਚੋਂ ਪ੍ਰਭੂ-ਸਿਮਰਨ ਦੀਆਂ ਮਿੱਠੀਆਂ ਧੁਨਾਂ ਉੱਠਣ ਲੱਗੀਆਂ। ਗੁਰੂ ਸਾਹਿਬ ਦੀ ਸੰਗਤ ਅਤੇ ਉਪਦੇਸ਼ਾਂ ਨੇ ਸਭ ਬੰਦੀਆਂ ਨੂੰ ਚੜ੍ਹਦੀ ਕਲਾ ਵਿਚ ਲੈ ਆਂਦਾ। ਦੂਸਰੇ ਪਾਸੇ ਗੁਰੂ ਸਾਹਿਬ ਦੀ ਨਜ਼ਰਬੰਦੀ ਲੰਬੀ ਹੋ ਜਾਣ ਕਾਰਨ ਸਿੱਖਾਂ ਵਿਚ ਬੇਚੈਨੀ ਵਧਣ ਲੱਗੀ।

ਬਾਬਾ ਬੁੱਢਾ ਜੀ ਦੀ ਅਗਵਾਈ 'ਚ ਸਿੱਖ ਸੰਗਤਾਂ ਦਾ ਇਕ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਗਵਾਲੀਅਰ ਲਈ ਰਵਾਨਾ ਹੋਇਆ। ਜਿਥੋਂ-ਜਿਥੋਂ ਇਹ ਜਥਾ ਕੀਰਤਨ ਕਰਦਾ ਹੋਇਆ ਗੁਜ਼ਰਦਾ, ਸਿੱਖ ਸੰਗਤਾਂ ਇਸ ਦਾ ਭਾਰੀ ਸਵਾਗਤ ਕਰਦੀਆਂ। ਜਦੋਂ ਇਹ ਜਥਾ ਗਵਾਲੀਅਰ ਦੇ ਕਿਲ੍ਹੇ ਪਹੁੰਚਿਆ ਤਾਂ ਸੰਗਤਾਂ ਨੂੰ ਗੁਰੂ ਸਾਹਿਬ ਨਾਲ ਮੁਲਾਕਾਤ ਜਾਂ ਦਰਸ਼ਨ ਕਰਨ ਦੀ ਇਜ਼ਾਜ਼ਤ ਨਾ ਮਿਲ ਸਕੀ। ਪਰ ਇਹ ਜਥਾ ਕੀਰਤਨ ਕਰਦਿਆਂ, ਗਵਾਲੀਅਰ ਦੇ ਕਿਲ੍ਹੇ ਦੀਆਂ ਪ੍ਰਕਰਮਾ ਕਰਕੇ ਗੁਰੂ ਸਾਹਿਬ ਨੂੰ ਸਤਿਕਾਰ ਭੇਂਟ ਕਰ ਵਾਪਸ ਮੁੜ ਆਇਆ। ਮੁਸਲਿਮ ਸੂਫੀ ਸੰਤ ਸਾਈਂ ਮੀਆਂ ਮੀਰ ਜੀ ਵੱਲੋਂ ਬਾਦਸ਼ਾਹ ਜਹਾਂਗੀਰ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸਬੰਧੀ ਜਾਣਕਾਰੀ ਦਿੱਤੇ ਜਾਣ 'ਤੇ ਉਸ ਨੇ ਗੁਰੂ ਸਾਹਿਬ ਨੂੰ ਰਿਹਾਅ ਕਰਨ ਦਾ ਫੁਰਮਾਨ ਜਾਰੀ ਕਰ ਦਿੱਤਾ।

ਪ੍ਰੰਤੂ ਗੁਰੂ ਹਰਿਗੋਬਿੰਦ ਸਾਹਿਬ ਨੇ ਇਕੱਲਿਆਂ ਕਿਲ੍ਹੇ ਵਿਚੋਂ ਰਿਹਾਅ ਹੋਣਾ ਸਵੀਕਾਰ ਨਾ ਕੀਤਾ। ਗੁਰੂ ਸਾਹਿਬ ਦੀ ਰਹਿਮਤ ਸਦਕਾ ਕਿਲ੍ਹੇ ਵਿਚ ਨਜ਼ਰਬੰਦ 52 ਰਾਜਪੂਤ ਰਾਜਿਆਂ ਨੂੰ ਵੀ ਬੰਦੀਖਾਨੇ ਤੋਂ ਮੁਕਤੀ ਮਿਲੀ। ਇਸ ਦਿਨ ਤੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ 'ਬੰਦੀ-ਛੋੜ' ਦਾਤਾ ਦੇ ਨਾਮ ਨਾਲ ਵੀ ਜਾਣਿਆ ਜਾਣ ਲੱਗਾ। ਰਿਹਾਈ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਭਾਰੀ ਗਿਣਤੀ ਵਿਚ ਜਿਸ ਦਿਨ ਸਿੱਖ ਸੰਗਤਾਂ ਨਾਲ ਸ੍ਰੀ ਅੰਮ੍ਰਿਤਸਰ ਵਿਖੇ ਪੁੱਜੇ ਤਾਂ ਉਸ ਦਿਨ ਦੀਵਾਲੀ ਦਾ ਦਿਨ ਸੀ। ਸਿੱਖ ਸੰਗਤਾਂ ਨੇ ਗੁਰੂ ਸਾਹਿਬ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਪੁੱਜਣ 'ਤੇ ਘਰਾਂ ਵਿਚ ਦੇਸੀ ਘਿਉ ਦੇ ਦੀਵੇ ਜਗਾਏ ਅਤੇ ਅਥਾਹ ਖੁਸ਼ੀਆਂ ਮਨਾਈਆਂ। ਸ੍ਰੀ ਦਰਬਾਰ ਸਾਹਿਬ ਵਿਖੇ ਵੀ ਖੁਸ਼ੀ ਵਿਚ ਦੀਪਮਾਲਾ ਕੀਤੀ ਗਈ।ਜੋ ਅੱਜ ਵੀ ਕੀਤੀ ਜਾਂਦੀ ਹੈ ਤੇ ਜਿਸ ਦੀ ਚਮਕ ਨੂੰ ਸੰਗਤਾਂ ਦੇਸਾਂ ਪ੍ਰਦੇਸਾਂ ਤੋਂ ਦੇਖਣ ਆਉਂਦੀਆਂ ਹਨ। ਸਾਇਦ ਇਸੇ ਲਈ ਤੇ ਕਿਹਾ ਗਿਆ ਹੈ ਕਿ ਦਾਲ ਰੋਟੀ ਘਰ ਦੀ ਦੀਵਾਲੀ ਅੰਮ੍ਰਿਤਸਰ ਦੀ। ਇਸ ਦਿਨ ਤੋਂ ਸਿੱਖਾਂ ਵਾਸਤੇ ਦੀਵਾਲੀ ਇਕ ਪਵਿੱਤਰ ਦਿਹਾੜਾ ਬਣ ਗਿਆ ਅਤੇ ਸਿੱਖ ਜਗਤ ਹਰ ਸਾਲ ਸ੍ਰੀ ਅੰਮ੍ਰਿਤਸਰ ਵਿਖੇ ਇਕੱਤਰ ਹੋ ਕੇ ਬੰਦੀ-ਛੋੜ ਦਿਹਾੜਾ ਮਨਾਉਣ ਲੱਗ ਪਏ। ਸਾਹੀ ਗ਼ੁਲਾਮੀ ਤੋਂ ਨਿਜਾਕਤ ਪਾਉਣ ਲਈ ਅੱਜ ਫਿਰ ਲੋੜ ਹੈ ਗੁਰੂ ਹਰਗੋਬਿੰਦ ਸਾਹਿਬ ਜੀ ਦੀ।

ਸੁਰਜੀਤ ਸਿੰਘ ਫਲੋਰਾ



ਪ੍ਰੀਤ ਫੁਲਵਾੜੀ

ਇਸ ਵਾਰ ਦੀਵਾਲੀ

ਦੀਵਾਲੀ 'ਤੇ ਘਰਾਂ ਦੀ ਤਰ੍ਹਾਂ ਦਿਲਾਂ ਨੂੰ ਵੀ ਸਾਫ਼ ਕਰ ਲਈਏ,
ਕਿਸੇ ਤੋਂ ਮੰਗ ਲਈਏ ਮਾਫ਼ੀ ਕਿਸੇ ਨੂੰ ਖੁਦ ਮਾਫ਼ ਕਰ ਦੇਈਏ,
ਦਿਲਾਂ 'ਚ ਪਿਆਰ ਬੋਲਾਂ 'ਚ ਨਿਮਰਤਾ ਨੂੰ ਵਧਾਈਏ,
ਇਸ ਵਾਰ ਦੀਵਾਲੀ ਨਵੇਂ ਅੰਦਾਜ ਨਾਲ ਮਨਾਈਏ।

ਜੇ ਚਲਦੇ ਜਮੀਨੀ ਨੇ ਵਿਵਾਦ ਰੌਲਾ ਬਹਿ ਕੇ ਨੰਬੇੜ ਲਓ,
ਖੋਲੋ ਪਿਆਰ ਲਈ ਬੂਹੇ ਨਫ਼ਰਤਾਂ ਦੇ ਲਈ ਭੇੜ ਲਓ,
ਸਭ ਗਿਲੇ-ਸ਼ਿਕਵੇ ਮਿਟਾ ਕੇ ਸਭ ਨੂੰ ਮਨੋਂ ਅਪਣਾਈਏ,
ਇਸ ਵਾਰ ਦੀਵਾਲੀ ਨਵੇਂ ਅੰਦਾਜ ਨਾਲ ਮਨਾਈਏ।

ਧੀਆਂ-ਪੁੱਤਾਂ,ਮਾਪਿਆਂ ਅੱਗੇ ਜੋ ਪੀਵੇ ਕਾਹਦਾ ਉਹ ਬੰਦਾ,
ਬਹੁਤੇ ਘਰਾਂ 'ਚ ਕਲੇਸ਼ ਦਾ ਤਾਂ ਇਹੀ ਕਾਰਨ ਹੁੰਦਾ,
ਮਾਰੂ, ਅੱਜ ਤੋਂ ਨਹੀਂ ਪੀਣੀ ਸੌਂਹ ਇਹ ਪਾਈਏ,
ਇਸ ਵਾਰ ਦੀਵਾਲੀ ਨਵੇਂ ਅੰਦਾਜ ਨਾਲ ਮਨਾਈਏ।

ਮਾਪੇ ਤਾਂ ਅੱਡ ਹੋ ਜਾਣ ਬੱਚੇ ਵਿਚ ਵਿਚਾਲੇ ਰਹਿਣ ਪਿਸਦੇ,
ਇਨ੍ਹਾਂ ਨੂੰ ਤਲਾਕਾਂ ਦੇ ਜਵਾਕਾਂ 'ਤੇ ਪੈਂਦੇ ਪ੍ਰਭਾਵ ਨਹੀਂ ਦਿਸਦੇ,
ਪਿਛਲੇ ਝਗੜਿਆਂ ਨੂੰ ਛੱਡ ਕੇ ਇੱਕ ਹੋ ਜਾਈਏ,
ਇਸ ਵਾਰ ਦੀਵਾਲੀ ਨਵੇਂ ਅੰਦਾਜ ਨਾਲ ਮਨਾਈਏ।

ਇਨਸਾਨੀਅਤ ਤੋਂ ਵੱਡੇ ਨਹੀਂ ਹੁੰਦੇ ਧਰਮਾਂ ਦੇ ਦਰਜੇ,
ਉਹ ਇਨਸਾਨ ਨਹੀਂ ਜਿਹੜੇ ਘਾਣ ਮਨੁੱਖਤਾ ਦਾ ਕਰਦੇ,
ਹਰਪ੍ਰੀਤ ਧਰਮ ਤੋਂ ਉੱਪਰ ਉੱਠ ਤਿਓਹਾਰਾਂ ਨੂੰ ਖਾਸ ਬਣਾਈਏ,
ਇਸ ਵਾਰ ਦੀਵਾਲੀ ਨਵੇਂ ਅੰਦਾਜ ਨਾਲ ਮਨਾਈਏ।

ਹਰਪ੍ਰੀਤ ਕੌਰ ਘੁੰਨਸ
ਮੋ 97795-20194

.ਗ਼ਜ਼ਲ

ਸੂਲਾਂ ਉੱਤੇ ਜਿਹੜੇ ਪੈਰ ਟਿਕਾਵਣਗੇ,
ਉਹ ਬੰਦੇ ਹੀ ਸਾਡਾ ਸਾਥ ਨਿਭਾਵਣਗੇ।
ਉਹਨਾਂ ਖ਼ੁਦ ਵੀ ਸੜ ਕੇ ਸੁਆਹ ਹੋ ਜਾਣਾ ਹੈ,
ਜਿਹੜੇ ਨਫ਼ਰਤ ਦੀ ਅਗਨੀ ਫੈਲਾਵਣਗੇ।
ਉਹਨਾਂ ਨੂੰ ਕਿਧਰੇ ਵੀ ਢੋਈ ਨ੍ਹੀ ਮਿਲਣੀ,
ਜਿਹੜੇ ਬੰਦੇ ਹੱਕ ਪਰਾਇਆ ਖਾਵਣਗੇ।
ਰੱਜੇ ਤਾਂ ਸੁੱਖ ਦੀ ਨੀਂਦੇ ਸੌਂ ਜਾਵਣਗੇ,
ਪਰ ਭੁੱਖੇ ਰੋਟੀ ਖਾਤਰ ਕੁਰਲਾਵਣਗੇ।
ਲੋਕ ਖ਼ੁਦਾ ਵਾਂਗਰ ਉਹਨਾਂ ਨੂੰ ਪੂਜਣਗੇ,
ਜਿਹੜੇ ਲੋਕਾਂ ਦੇ ਰਾਹ ਨੂੰ ਰੁਸ਼ਨਾਵਣਗੇ।
ਆਪਣਾ ਵਤਨ ਜਿਨ੍ਹਾਂ ਨੂੰ ਜਾਨੋਂ ਪਿਆਰਾ ਹੈ,
ਉਹ ਇਸ ਦੀ ਖਾਤਰ ਫਾਂਸੀ ਚੜ੍ਹ ਜਾਵਣਗੇ।
ਉੱਥੇ, ਉੱਥੇ ਚਾਨਣ ਹੁੰਦਾ ਜਾਵੇਗਾ,
ਜਿੱਥੇ, ਜਿੱਥੇ ਚੰਗੇ ਬੰਦੇ ਜਾਵਣਗੇ।
ਉਹ ਜੁੱਗ ਆਖਰ ਆ ਕੇ ਰਹਿਣਾ ਹੈ 'ਮਾਨਾ',
ਜਦ ਭੁੱਖੇ ਵੀ ਰੱਜ ਕੇ ਰੋਟੀ ਖਾਵਣਗੇ।

ਮਹਿੰਦਰ ਸਿੰਘ ਮਾਨ
ਸਲੋਹ ਰੋਡ ਨਵਾਂ ਸ਼ਹਿਰ-9915803554

ਦਿਵਾਲੀ

ਅੱਜ ਦਿਵਾਲੀ ਆਈ ਹੈ
ਖੁਸ਼ੀਆਂ ਢੇਰ ਲਿਆਈ ਹੈ
ਸਾਰੇ ਪਾਸੇ ਖੂਬ ਸਫਾਈ ਹੈ
ਅੱਜ ਦਿਵਾਲੀ ਆਈ ਹੈ
ਸੋਹਣੇ ਸੋਹਣੇ ਕੱਪੜੇ ਪਾਵਾਂਗੇ
ਰਲ ਦੀਵੇ ਖੂਬ ਜਗਾਵਾਂਗੇ
ਵੱਖਰੀ ਵੱਖਰੀ ਖੂਬ ਮਠਿਆਈ ਹੈ
ਅੱਜ ਦਿਵਾਲੀ ਆਈ ਹੈ
ਪਟਾਕੇ ਬਿਲਕੁੱਲ ਨਾ ਮਚਾਵਾਂਗੇ
ਹਵਾ ਨੂੰ ਦੂਸ਼ਿਤ ਹੋਣ ਤੋਂ ਬਚਾਵਾਂਗੇ
ਘਰ ਵੀ ਖੂਬ ਰੁਸਨਾਇਆ ਹੈ
ਪਿੰਡ ਵਿੱਚ ਚਾਨਣ ਚੜ ਆਇਆ ਹੈ
ਨੂਰ ਅਵਲੀਨ ਨੇ ਹੱਟ ਜਗਾਈ
ਸਾਡੇ ਵੱਲੋਂ ਦਿਵਾਲੀ ਦੀ ਵਧਾਈ

ਗੁਰਪ੍ਰੀਤ ਸਿੰਘ ਜਖਵਾਲੀ(ਫਤਹਿਗੜ੍ਹ ਸਾਹਿਬ)
ਮੋਬਾਇਲ:-98550 36444

ਹਾਉਮੈਂ

ਹੱਸ ਕੱਟ ਯਾਰਾਂ ਦਿਨ ਜਿੰਦਗੀ ਦੇ ਚਾਰ
ਪਤਾ ਨੀ ਜਾਣਾ ਕਦ ਭੌਰ ਡਾਰੀ ਮਾਰ
ਫੇਰ ਜੱਗ ਤੇ ਨੀਂ ਆਉਣਾ ਸੋਚ ਵਿਚਾਰ
ਹਉਮੈਂ ਈਰਖਾ ਤੇ ਗੁੱਸਾ ਮਨ ਚੋਂ ਨਿਕਾਰ।
ਮਾਇਆ ਨਾਲ ਨਾ ਜਾਣੀ ਖਸਮਾਂ ਨੂੰ ਖਾਣੀ
ਖਾਲੀ ਆਏ ਖਾਲੀ ਜਾਣਾ ਗੀਤ ਹੈ ਪੁਰਾਣੀ
ਏਥੇ ਹੀ ਰਹਿ ਜਾਣਾ ਦੇਣਾ ਲੈਣਾ ਉਧਾਰ
ਹਉਮੈਂ ਈਰਖਾ ਤੇ ਗੁੱਸਾ ਮਨ ਚੋਂ ਨਿਕਾਰ।
ਮੇਹਨਤ ਨਾਲ ਕਰ ਬੰਦਿਆਂ ਕਮਾਈ
ਧੰਦੇ ਦੋ ਨੰਬਰ ਦੇ ਛੱਡ ਵਹਿਮ ਮਨੋਂ ਕੱਢ
ਮਾਰੀ ਜਾਵੇ ਜੀਵ ਜੰਤੂ ਨਾਲ ਹਥਿਆਰ
ਹਉਮੈਂ ਈਰਖਾ ਤੇ ਗੁੱਸਾ ਮਨ ਚੋਂ ਨਿਕਾਰ।
ਧਰਮਾਂ ਜਾਤਾਂ ਦੇ ਨਾਂ ਤੇ ਲੜਾਈ ਛੱਡਦੇ
ਇਹ ਕੂੜ ਪਸਾਰੇ ਵਾਲਾ ਜੂੜ ਵੱਡਦੇ
ਸੁਖਚੈਨ,ਮੌਤ ਰਕਾਨ ਅੱਗੇ ਜਾਣਾ ਹਾਰ
ਹਉਮੈਂ ਈਰਖਾ ਤੇ ਗੁੱਸਾ ਮਨ ਚੋਂ ਨਿਕਾਰ।

ਸੁਖਚੈਨ ਸਿੰਘ, ਠੱਠੀ ਭਾਈ,
00971527632924

ਦੀਵਾਲੀ

ਚਾਅ, ਰੀਝਾਂ ਤੇ ਖੁਸ਼ੀਆਂ ਵੰਡਦੀ ਆਉਂਦੀ ਏ ਦੀਵਾਲੀ।
ਸ਼ਾਲਾ ਸਭ ਲਈ ਖੈਰਾਂ ਮੰਗੀਏ ਬਣ ਕੇ ਆਪ ਸਵਾਲੀ।
ਕੜਵਾਹਟਾਂ ਨੂੰ ਛੱਡ ਕੇ ਪਾਈਏ ਸਾਂਝਾਂ ਦੀ ਕੋਈ ਬਾਤ,
ਬੇਸ਼ਕੀਮਤੀ ਇਹ ਮੌਕੇ ਕਿਤੇ ਲੰਘ ਨਾ ਜਾਵਣ ਖਾਲੀ।

ਡਾ. ਆਤਮਾ ਸਿੰਘ ਗਿੱਲ
9878883680

.ਗ਼ਜ਼ਲ

ਮਹਿਲਾਂ ਨਾਲੋਂ ਵੀਂ ਚੰਗੀ ਹੈ ਅਪਣੀਂ ਚਾਰ ਦਿਵਾਰੀ।
ਲੂਣੀਂ ਮਿੱਸੀ ਰੋਟੀ ਦੇ ਨਾਲ ਛੋਟੀ ਜਿਹੀ ਇਕ ਯਾਰੀ।
ਪੈਸੇ ਦੇ ਨਾਲ, ਆਕੜ ਦੇ ਨਾਲ, ਸ਼ੁਹਰਤ ਨਾਲ ਨਈਂ ਮਿਲਦੀ,
ਭੈਣ ਭਰਾਵਾਂ, ਰਿਸ਼ਤੇਦਾਰਾਂ, ਯਾਰਾਂ ਨਾਲ ਸਰਦਾਰੀ।
ਇਤਿਹਾਸ ਗਵਾਹ ਹੈ ਮੱਧ ਵਰਗ 'ਚੋਂ ਉਠਦੀ ਇੱਕ ਕਰਾਂਤੀ,
ਅਕਸਰ ਸੁੱਕੇ ਹੋਏ ਘਾਹ 'ਚੋਂ ਉਠਦੀ ਹੈ ਚਿੰਗਾਰੀ।
ਸੂਰਜ ਵਰਗੀ ਲੋਅ ਦਿੰਦੀ ਹੈ ਘਰ ਦੇ ਵਿਹੜੇ ਅੰਦਰ,
ਸਵਰਗ ਦੀ ਅਸਲੀ ਪਰਿਭਾਸ਼ਾ ਹੈ ਬੱਚੇ ਦੀ ਕਿਲਕਾਰੀ।
ਜੇ ਕਰਤੂਤ ਨਹੀਂ ਹੈ ਚੰਗੀ ਸਭ ਕੁਝ ਮਿੱਟੀ ਵਰਗਾ,
ਸੂਰਤ ਸੀਰਤ ਬੇਸ਼ਕ ਹੋਵੇ ਪਿਆਰੀ ਤੋਂ ਵੀਂ ਪਿਆਰੀ।
ਰੰਗਾਂ ਦੀ ਤਰਤੀਬ ਅਤੇ ਤਰਕੀਬ 'ਚੋਂ ਧੋਖਾ ਦੇਵੇ,
ਨੀਅਤ ਮਾੜੀ ਦੇ ਵਿਚ ਆਕੇ ਜੇ ਚਾਹਵੇ ਲੱਲਾਰੀ।
ਬਾਅਦ 'ਚ ਉਸ ਦੀ ਸਾਰੀ ਹਸਤੀ ਪਾਣੀ-ਪਾਣੀ ਕੀਤੀ,
ਤੜਕ ਸਵੇਰੇ ਨੇ ਤਾਂ ਪਹਿਲਾਂ ਸ਼ਬਨਮ ਖ਼ੂਬ ਸ਼ਿੰਗਾਰੀ।
ਗੰਦਾ ਬੰਦਾ ਜਦ ਵੀ ਬੋਲੇ ਇੱਕ ਖਿਲਾਰਾ ਪਾਵੇ,
ਚਾਰ-ਚੁਫੇਰੇ ਨੇਗ੍ਹੀ ਨੇ ਹੈ ਜਿੱਦਾਂ ਰੇਤ ਖਿਲਾਰੀ।
ਇੱਕ ਥਕੇਵਾਂ ਲਹਿ ਕੇ ਸਾਰਾ ਗਲ੍ਹਵਕੜੀ ਵਿਚ ਆਇਆ,
ਥੱਕੇ ਹਾਰੇ ਦਾਦੇ ਦੀ ਜਦ ਪੋਤੇ ਪੱਗ ਉਤਾਰੀ,
ਮੂੰਹ ਵਿਚ ਜੀਭਾਂ ਪਾ ਕੇ ਰੱਖੀਏ ਨਿਭਦੀ ਰਿਸ਼ਤੇਦਾਰੀ,
ਮੋਹ ਨਾ ਜਾਣਨ, ਤੇਹ ਨਾ ਜਾਣਨ ਮੰਡੀ ਵਿਚ ਵਿਉਪਾਰੀ।
ਸਰਲ ਅਤੇ ਸਾਧਾਰਣਤਾ ਦੀ ਪਧਰੀ ਧਰਤੀ ਉਤੇ,
ਬਾਲਮ ਤੇਰੀਆਂ ਗ਼ਜ਼ਲਾਂ ਅੰਦਰ ਬਿੰਬਾਂ ਦੀ ਸਰਦਾਰੀ।

ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ ਗੁਰਦਾਸਪੁਰ ਪੰਜਾਬ
ਮੋ. 98156-25409

ਸਿਆਣਾਂ ਖੋਤਾ

ਇੱਕ ਖੋਤਾ ਸੀ ਰਾਮੂ ਕੋਲ,
ਬੱਚਿਓ, ਗੱਲ ਸੁਣਿਓ ਕੰਨ ਖੋਲ੍ਹ।
ਰਾਮੂ ਸੀ ਮਜ਼ਦੂਰੀ ਕਰਦਾ,
ਰਾਤ ਪਈ ਤੋਂ ਘਰ ਸੀ ਵੜਦਾ।
ਸਰੀਰ ਪੱਖੋਂ ਸੀ ਉਹ ਮਾੜਾ,
ਖੋਤੇ ਉੱਤੇ ਢੋਹਦਾਂ ਭਾੜਾ।
ਚੰਗਾ ਸਮਾਂ ਸੀ ਉਹ ਬਿਤਾਉਦਾ,
ਨਸ਼ੇ ਨੂੰ ਕਦੇ ਹੱਥ ਨਾ ਲਾਉਂਦਾ।
ਖੋਤਾ ਵੀ ਸੀ ਪੂਰਾ ਸਮਝਦਾਰ,
ਸੀ ਰਾਮੂ ਦਾ ਉਹ ਵਫ਼ਾਦਾਰ।
ਇੱਕ ਚੋਰ ਰਾਮੂ ਘਰ ਆਇਆਂ,
ਖੋਤੇ ਗੱਲ ਨੂੰ ਸਮਝ ਚ ਪਾਇਆ।
ਉਹ ਜ਼ੋਰ ਜ਼ੋਰ ਦੀ ਹੀਂਗਣ ਲੱਗਾ,
ਜਿਉਂ ਢੋਲ ਤੇ ਵੱਜਦਾ ਡੱਗਾ।
ਆਖਰ ਚੋਰ ਨੂੰ ਭੱਜਣਾ ਪੈ ਗਿਆ,
ਸਾਰਾ ਸਮਾਨ ਉੱਥੇ ਰਹਿ ਗਿਆ।
ਖੋਤੇ ਨੂੰ ਸਭ ਬੁੱਧੂ ਕਹਿੰਦੇ,
ਮੂਰਖ ਦਾ ਨਾਂ ਖੋਤਾ ਲੈਂਦੇ।
ਬੱਚਿਓ, ਵੇਖੋ ਖੋਤੇ ਦੀ ਵਫ਼ਾਦਾਰੀ,
ਪੱਤੋ, ਕਮਾਈ ਬਚ ਗਈ ਰਾਮੂ ਦੀ ਸਾਰੀ।

ਹਰਪ੍ਰੀਤ ਪੱਤੋ ਪਿੰਡ ਪੱਤੋ
ਹੀਰਾ ਸਿੰਘ ਮੋਗਾ 94658-21417

ਦੀਵਾਲੀ ਆਈ

ਯਾਰਾਂ ਵੇ, ਦੀਵਾਲੀ ਆਈ,
ਪਰ ਦਿਲ ਵਿੱਚ ਉਦਾਸੀ ਛਾਈ।
ਤੇਰੀ ਯਾਦ ਦੇ ਦੀਵੇ ਜਗਾਏ,
ਅੱਖੀਆਂ ਨੇ ਹੰਝੂ ਵਹਾਏ ।
ਸੁੰਨੀਆਂ ਪਈਆਂ ਨੇ ਘਰ ਦੀਆਂ ਗਲੀਆਂ,
ਤੇਰੀ ਉਡੀਕ 'ਚ ਰਾਤਾਂ ਨੇ ਢਲੀਆਂ।
ਮੋਮਬੱਤੀਆਂ ਦੀ ਲੋਅ ਵੀ ਕੰਬਦੀ ,
ਮੇਰੀ ਰੂਹ ਤੇਰੇ ਬਿਨ ਹੈ ਥੰਮਦੀ ।
ਤੂੰ ਨਹੀਂ ਤਾਂ ਦੀਵਾਲੀ ਵੀ ਫਿੱਕੀ ,
ਖੁਸ਼ੀਆਂ ਦੀ ਡੋਰ ਬੜੀ ਹੀ ਡਿੱਗੀ ।
ਬਿਹੋਂ ਦੀਆਂ ਪੂਣੀਆਂ ਮੈਂ ਕੱਤਦੀ ਰਹੀ,
ਤੇਰੇ ਹੀ ਖਿਆਲਾਂ 'ਚ ਨਿੱਤਦੀ ਰਹੀ।
ਬਨੇਰਿਆਂ 'ਤੇ ਦੀਵੇ ਤਾਂ ਬਲਦੇ,
ਪਰ ਮੇਰੇ ਦੁੱਖਾਂ ਦੇ ਪੱਤਰ ਪਲਦੇ।
ਤੂੰ ਕਿੱਥੇ ਗੁਆਚਾ ਹੈ ਮੇਰੇ ਹਾਣੀਆਂ ?
ਮੁਕਾ ਦੇ ਇਹ ਸਭ ਮੇਰੀਆਂ ਕਹਾਣੀਆਂ।
ਸੂਰਜ ਦਾ ਚਾਨਣ ਵੀ ਅੱਜ ਹੈ ਅਧੂਰਾ ,
ਤੇਰੇ ਬਿਨ ਹਰ ਪਾਸੇ ਹਨੇਰਾ ਹੈ ਪੂਰਾ।
ਚੰਨਾ ਵੇ, ਦੀਵਾਲੀ 'ਤੇ ਪਰਤ ਆਵੀਂ,
ਬੁੱਝੇ ਹੋਏ ਦਿਲ ਨੂੰ ਫਿਰ ਰੁਸ਼ਨਾਵੀਂ।

ਸੁਰਜੀਤ ਸਿੰਘ ਫਲੋਰਾ
647-829-9397

ਖੁਸ਼ੀਆਂ ਦਾ ਤਿਉਹਾਰ

ਖੁਸ਼ੀਆਂ ਦਾ ਤਿਉਹਾਰ ਦੀਵਾਲੀ ਹੈ ਆਇਆ,
ਇਸ ਨੇ ਬਹੁਤੇ ਲੋਕਾਂ ਨੂੰ ਫਿਕਰਾਂ 'ਚ ਹੈ ਪਾਇਆ।
ਮਾੜੇ ਦਿਨਾਂ ਨੇ ਇਨ੍ਹਾਂ ਨੂੰ ਬੇਰੁਜ਼ਗਾਰ ਹੈ ਕੀਤਾ,
ਉੱਤੋਂ ਸਰਕਾਰਾਂ ਨੇ ਇਨ੍ਹਾਂ ਦਾ ਖੂਨ ਹੈ ਪੀਤਾ।
ਬੱਚੇ ਇਨ੍ਹਾਂ ਦੇ ਮੰਗਣ ਆਤਿਸ਼ਬਾਜ਼ੀਆਂ ਤੇ ਪਟਾਕੇ,
ਮਿੰਨਤਾਂ, ਤਰਲੇ ਕਰਨ ਇਨ੍ਹਾਂ ਕੋਲ ਆ ਕੇ।
ਨਾਲੇ ਮੰਗਣ ਕਲਾ ਕੰਦ, ਰਸ ਗੁੱਲੇ ਤੇ ਬਰਫੀ,
ਉਹ ਵੇਖਣ ਨਾ ਇਨ੍ਹਾਂ ਦੀ ਜੇਬ ਖਾਲੀ।
ਸਾਰੇ ਕੱਠੇ ਹੋ ਕੇ ਬੱਚਿਆਂ ਨੂੰ ਸਮਝਾਓ,
ਧੂੰਏਂ ਤੋਂ ਵਾਤਾਵਰਨ ਦੂਸ਼ਿਤ ਹੋਣ ਤੋਂ ਬਚਾਓ।
ਨਕਲੀ ਮਠਿਆਈਆਂ ਨਾ ਘਰਾਂ 'ਚ ਲਿਆਓ,
ਹਸਪਤਾਲਾਂ 'ਚ ਜਾ ਕੇ ਧੱਕੇ ਖਾਣ ਤੋਂ ਬਚ ਜਾਓ।

ਮਹਿੰਦਰ ਸਿੰਘ ਮਾਨ
ਪਿੰਡ ਤੇ ਡਾਕ ਰੱਕੜਾਂ ਢਾਹਾ-144526
ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ
ਫੋਨ 9915803554

ਦਿਵਾਲੀ ਮਨਾਈਏ

ਵੰਡ ਕੇ ਖੁਸੀਆ ਹਾਸੇ ਕਮਾਈਏ
ਨਫਰਤ ਵਾਲੇ ਰਾਹ ਭੁੱਲ ਜਾਈਏ
ਸਾਝਾ ਵਾਲੇ ਦੀਵੇ ਜਗਾ ਕੇ
ਆਓ ਰਲ ਮਿਲ ਦਿਵਾਲੀ ਮਨਾਈਏ
ਇਹ ਨਹੀਂ ਚੰਗਾ, ਉਹ ਹੈ ਮਾੜਾ
ਕੱਢ ਦੇ ਦਿਲ ਚੋਂ ਸਾਰਾ ਸਾੜਾ
ਸ਼ਿਕਵੇ ਭੁਲਾ ਕੇ ਗਲੇ ਲਗਾਈਏ
ਆਓ ਰਲ ਮਿਲ ਦਿਵਾਲੀ ਮਨਾਈਏ
ਗੁਰਬਤ ਵਿਚ ਜੋ ਖੁਸ਼ੀ ਮਨਾਉਂਦੇ
ਰੱਬ ਦੀ ਰਜਾ ਚ ਢੋਲ ਵਜਾਉਂਦੇ
ਦੇਖ ਫਕੀਰੀ ਦੁੱਖ ਭੁੱਲ ਜਾਈਏ
ਆਓ ਰਲ ਮਿਲ ਦਿਵਾਲੀ ਮਨਾਈਏ
ਕੱਚੇ ਘਰ ਬੇਬੇ ਲਿੱਪ ਕੇ ਸਜਾਉਂਦੀ
ਘੁਗੀਆਂ ਮੋਰ ਨਾਲੇ ਫੁੱਲ ਬਣਾਉਂਦੀ
ਇਹ ਖੁਸ਼ੀਆਂ ਤੋਂ ਵਾਰੇ ਜਾਈਏ
ਆਓ ਰਲ ਮਿਲ ਦਿਵਾਲੀ ਮਨਾਈਏ
ਸ਼ੁੱਧ ਖਾ ਲਈਏ ਘਰ ਦਾ ਬਣਿਆ
ਥੋੜਾ ਬਹੁਤ ਗਵਾਂਢ ਦੇ ਆਈਏ
ਮਿਲਾਵਟੀ ਮਠਿਆਈ ਤੋ ਸਰੀਰ ਬਚਾਈਏ
ਆਓ ਰਲ ਮਿਲ ਦਿਵਾਲੀ ਮਨਾਈਏ
ਬੰਬ ਪਟਾਕੇ ਹੈ ਪਲ ਦੀ ਰੋਣਕ
ਪਸ਼ੂ ਪੰਛੀ ਡਰਦੇ ਹਰਿਆਲੀ ਮਰ ਜਾਵੇ
ਧਾਲੀਵਾਲ ਬੁਰੀ ਸ਼ੈਅ ਤੋਂ ਦੂਰੀ ਬਣਾਈਏ
ਆਓ ਰਲ ਮਿਲ ਦਿਵਾਲੀ ਮਨਾਈਏ

ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ
78374 90309
Adv.dhaliwal@gmail.com

ਬਾਲ ਕਵਿਤਾ
ਤਰੀ ਵਾਲੇ ਲੱਡੂ

ਲੱਡੂ ਐਤਕੀ ਘਰੇ ਬਣਾਉਣੇ,
ਸਭ ਨੇ ਮਤਾ ਪਕਾਇਆ।
ਬਾਜਾਰੂ ਮਠਿਆਈ ਕੋਈ ਨੀਂ ਲੈਣੀ,
ਹਲਵਾਈ ਘਰੇ ਬੁਲਾਇਆ।
ਬਾਪੂ ਨੇ ਸਮਾਨ ਲਿਖਵਾਇਆ,
ਕੀ ਕੁੱਝ ਹੈ ਵਿੱਚ ਪੈਂਦਾ।
ਕਿੰਨੇ ਪੈਸੇ ਲਵੇਂਗਾ ਭਾਈ ??,
ਬਾਪੂ ਉਸ ਨੂੰ ਕਹਿੰਦਾ।
ਦੀਵਾਲੀ ਤੋਂ ਕੁਝ ਦਿਨ ਪਹਿਲਾਂ
ਘਰੇ ਆ ਗਿਆ ਭਾਈ।
ਰਾਸ਼ਨ ਕਰਕੇ 'ਕੱਠਾ ਉਸ ਨੇ,
ਪਾਇਆ ਵਿੱਚ ਕੜਾਹੀ।
ਸੀ ਅਣਜਾਣ ਹਲਵਾਈ ਉਹ
ਸਿੱਖਦਾ ਸੀ ਜੋ ਹਾਲੇ।
ਬਿਨਾਂ ਹਿਸਾਬ ਤੋਂ ਪਾਈ ਜਾਵੇ,
ਪਾਣੀ ਰਾਸ਼ਨ ਨਾਲੇ।
ਪਤਲਾ ਹੋ ਗਿਆ ਵੇਸਨ ਜਿਆਦਾ,
ਨਾ 'ਕੱਠੀ ਹੋਵੇ ਮਦਾਨੀਂ ?,
ਬਣ ਗਏ ਲੱਡੂ ਤਰੀ ਵਾਲੇ,
ਜਿਆਦਾ ਪੈ ਗਿਆ ਪਾਣੀ।
ਕਹੇ, ਠੰਡੀ ਹੋ ਜੁੜ ਜਾਣੀ ਇਹ,
ਬੂੰਦੀ ਜਿਹੜੀ ਬਣਾਈ।
ਪੈਸੇ ਲੈ ਕੇ ਤੁਰਦਾ ਬਣਿਆ,
ਬਾਪੂ ਕੋਲੋਂ ਹਲਵਾਈ।
ਉੱਪਰ ਥੱਲੇ ਝਾਕੇ ਬਾਪੂ ,
ਇਹ ਉਸ ਨੇ ? ਕੀ ਕਰ 'ਤਾ ?।
ਕੀਤਾ ਕਰਾਇਆ ਸਾਡਾ ਉਸ ਨੇ,
ਖੂਹੇ ਦੇ ਵਿੱਚ ਧਰਤਾ।
ਕੌਲੀਆਂ ਦੇ ਵਿੱਚ ਪਾ ਬੂੰਦੀ,
ਚਮਚਿਆਂ ਦੇ ਨਾਲ ਖਾਈਏ।
ਹਰੇਕ ਦੀਵਾਲੀ ਨੂੰ ਆਖੇ 'ਪੱਤੋ',
ਲੱਡੂ ਘਰੇ ਬਣਵਾਈਏ।

ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ 94658-21417

ਰੌਸ਼ਨੀਆਂ ਦਾ ਤਿਓਹਾਰ

ਦੀਵਾਲੀ ਆਈ ਦੀਵਾਲੀ ਆਈ,
ਖੁਸ਼ੀਆਂ ਖੇੜੇ ਨਾਲ ਲਿਆਈ।
ਰੌਸ਼ਨੀਆਂ ਦਾ ਇਹ ਤਿਉਹਾਰ,
ਰੌਣਕ ਲੱਗਦੀ ਸ਼ਹਿਰ ਬਜ਼ਾਰ।
ਸਭ ਨੇ ਸੋਹਣੇ ਕੱਪੜੇ ਪਾਉਂਦੇ,
ਸਜੀਆਂ ਦੁਕਾਨਾਂ ਵੇਖਣ ਆਉਂਦੇ।
ਲੜੀਆਂ ਨੇ ਜੱਗ ਮੱਗ ਕਰਦੀਆਂ,
ਚਾਨਣ ਨਾਲ ਚੁਫ਼ੇਰਾ ਭਰਦੀਆਂ।
ਮੰਜਿਆਂ ਦੇ ਉੱਤੇ ਰੱਖੇ ਪਟਾਕੇ,
ਵੱਡੇ ਛੋਟੇ ਸਭ ਖ਼ਰੀਦਣ ਆ ਕੇ।
ਕਿਧਰੇ ਫੁੱਲ ਝੜੀਆਂ ਤੇ ਅਨਾਰ,
ਕਿੰਨੇ ਸੋਹਣੇ ਬਣਾ ਟੰਗੇ ਹਾਰ।
ਰੰਗ ਬਰੰਗੀਆਂ ਨੇ ਮਠਿਆਈਆਂ,
ਮੇਜ਼ਾਂ ਤੇ ਕਿਵੇਂ ਰੱਖ ਸਜਾਈਆਂ।
ਸੁਵਾਣੀਆ ਵੀ ਘਰ ਖੂਬ ਸ਼ਿੰਗਾਰੇ,
ਸਭਨਾਂ ਦੇ ਤਾਂਈ ਲੱਗਦੇ ਪਿਆਰੇ।
ਦੀਵਿਆਂ ਵਿੱਚ ਤੇਲ ਅਸੀਂ ਪਾ ਕੇ,
ਰੱਖੇ ਬਨੇਰੇ ਤੇ ਕਤਾਰ ਬਣਾਕੇ।
ਇੱਕ ਪਾਸੇ ਮਸ਼ਾਲ ਜਗਾਈ,
ਉਸ ਨੇ ਰੌਸ਼ਨੀ ਹੋਰ ਵਧਾਈ।
ਮਠਿਆਈ ਖਾਂਧੀ ਤੇ ਪਟਾਕੇ ਚਲਾਏ,
ਪੱਤੋ, ਨੂੰ ਖੂਬ ਨਜ਼ਾਰੇ ਆਏ।

ਹਰਪ੍ਰੀਤ ਪੱਤੋ
ਪਿੰਡ- ਪੱਤੋ ਹੀਰਾ ਸਿੰਘ ਮੋਗਾ
9465821417

No body have time to watch TV Advertisement
No body have time to read Physical newspapers

It's social time.

Online News, Advertisement, Promotion Anytime anywhere.

Doesn't matter where are you.

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.



Search Just
Preetnama
Youtube
Facebook
Twitter
Instragram
LinkedIn
Tiktok

No ned to go anywhere, Just leave message on
WhatsApp or email us. We will call you back.

Contact immediately

+1 201-312-4180,+1 917-328-8436

www.preetnama.com, www.preetnews.com
Email- preetnamausa@gmail.com